# ਅਧਿਆਇ 32

# ਪਰਮੇਸ਼ੁਰ ਨੂੰ ਤੱਜਣਾ: ਸੋਨੇ ਦਾ ਵੱਛਾ

ਕੂਚ 32-34 ਨੂੰ ਤੰਬੂ ਦੀ ਉਸਾਰੀ ਦੇ ਲਈ ਮੂਸਾ ਨੂੰ ਪ੍ਰਭੂ ਦੁਆਰਾ ਅੰਤਿਮ ਹਿਦਾਇਤਾਂ ਦਿੱਤੇ ਜਾਣ ਤੋਂ ਤੁਰੰਤ ਬਾਅਦ ਵਿਚ ਰੱਖਿਆ ਗਿਆ ਹੈ। ਇਹ ਲਿਖਤ ਲੋਕਾਂ ਦੇ ਪਰਮੇਸ਼ੁਰ ਨੂੰ ਤੱਜਣ ਅਤੇ ਨਵੀਨੀਕਰਣ ਦੇ ਨਾਲ ਸੰਬੰਧਤ ਹੈ। ਇਹ ਨੇਮ ਅਧਿਆਇ 19 ਵਿਚ ਬੰਨ੍ਹਿਆ ਗਿਆ, ਅਧਿਆਇ 24 ਵਿਚ ਇਸ ਦੀ ਪੁਸ਼ਟੀ ਕੀਤੀ ਗਈ, ਅਤੇ ਅਧਿਆਇ 32 ਵਿਚ ਤੋੜਿਆ ਗਿਆ ਅਤੇ ਅਧਿਆਇ 34 ਵਿਚ ਇਸ ਦਾ ਨਵੀਨੀਕਰਣ ਕੀਤਾ ਗਿਆ ਸੀ। ਇਹ ਭਾਗ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ, ਭਾਵੇਂ ਇਸਰਾਏਲੀ ਬੇਵਫ਼ਾ ਸਨ ਅਤੇ ਨੇਮ ਤੋੜਿਆ ਹੋਇਆ ਸੀ, ਪਰ ਪਰਮੇਸ਼ੁਰ ਉਨ੍ਹਾਂ ਦੇ ਪ੍ਰਤਿ ਦਿਆਲੂ ਅਤੇ ਤਰਸਵਾਨ ਸੀ।

ਜਦੋਂ ਮੂਸਾ ਨੇ ਪਹਾੜ ਤੋਂ ਵਾਪਸ ਆਉਣ ਵਿਚ "ਦੇਰੀ ਕੀਤੀ," ਤਾਂ ਹਾਰੂਨ ਲੋਕਾਂ ਦੇ ਵਾਸਤੇ ਸੋਨੇ ਦਾ ਬੱਛਾ ਬਣਾਉਣ ਦੇ ਲਈ ਰਾਜੀ ਹੋ ਗਿਆ ਤਾਂ ਕਿ ਉਹ ਉਸ ਦੀ ਪੂਜਾ ਕਰ ਸਕਣ (32:1-6)। ਪਰਮੇਸ਼ੁਰ ਨੇ ਮੂਸਾ ਨੂੰ ਇਸਰਾਏਲ ਦੇ ਪਾਪ ਦੇ ਵਿਸ਼ੇ ਵਿਚ ਦੱਸਿਆ ਅਤੇ ਲੋਕਾਂ ਨੂੰ ਨਾਸ ਕਰ ਦੇਣ ਦੀ ਧਮਕੀ ਦਿੱਤੀ (32:7-10)। ਜਦੋਂ ਮੂਸਾ ਨੇ ਲੋਕਾਂ ਦੇ ਲਈ ਵਿਚੋਲਗੀ ਦੀ ਪ੍ਰਾਰਥਨਾ ਕੀਤੀ, ਤਾਂ ਪਰਮੇਸ਼ੁਰ ਨੇ ਉਸ ਦੀ ਮੰਨ ਲਈ (32:11-14)।

ਜਦੋਂ ਮੂਸਾ ਪਹਾੜ ਤੋਂ ਹੇਠਾਂ ਉੱਤਰਿਆ ਅਤੇ ਆਪਣੇ ਆਪ ਦੇ ਲਈ ਇਸਰਾਏਲ ਦੀ ਮੂਰਤੀਪੂਜਾ ਵੇਖੀ, ਤਾਂ ਉਸ ਨੂੰ ਬਿਵਸਥਾ ਦੀਆਂ ਪੱਟੀਆਂ ਤੋੜ ਸੁੱਟੀਆਂ (32:15-19)। ਫਿਰ ਉਸ ਨੇ ਸੋਨੇ ਦੇ ਵੱਛੇ ਦਾ ਪੀਪਾ ਕਰ ਦਿੱਤਾ, ਇਸ ਨੂੰ ਪਾਣੀ ਵਿਚ ਮਿਲਾ ਕੇ, ਲੋਕਾਂ ਨੂੰ ਉਸ ਵਿਚੋਂ ਪੀਣ ਲਈ ਕਿਹਾ (32:20)। ਹਾਰੂਨ ਦੇ ਬਿਰਤਾਂਤ ਨੂੰ ਸੁਣਨ ਤੋਂ ਬਾਅਦ ਕਿ ਉਹ ਮੂਰਤੀ ਕਿਵੇਂ ਬਣਾਈ ਗਈ ਸੀ (32:21-24), ਮੂਸਾ ਨੇ ਕਈ ਹਜ਼ਾਰ ਬਾਗੀ ਇਸਰਾਏਲੀਆਂ ਨੂੰ ਮਾਰ ਦੇਣ ਦੇ ਲਈ ਲੇਵੀਆਂ ਨੂੰ ਹੁਕਮ ਦਿੱਤਾ (32:25-29)। ਮੂਸਾ ਨੇ ਲੋਕ ਪਾਪਾਂ ਨੂੰ ਚੁੱਕਣ ਦੀ ਕੋਸ਼ਿਸ਼ ਕੀਤੀ (32:30-32), ਪਰ ਇਸ ਦੀ ਬਜਾਇ ਪਰਮੇਸ਼ੁਰ ਨੇ ਦੋਸ਼ੀ ਨੂੰ ਜ਼ਿੰਮੇਦਾਰ ਠਹਿਰਾਇਆ (32:33)। ਪਰਮੇਸ਼ੁਰ ਨੇ ਇਸਰਾਏਲ ਦੇ ਪਾਪ ਦੇ ਕਾਰਣ ਉਨ੍ਹਾਂ ਦੇ ਉੱਤੇ ਇੱਕ ਬਵਾ ਨੂੰ ਭੇਜਿਆ (32:34, 35)।

## ਇਸਰਾਏਲ ਦਾ ਪਾਪ: ਬੱਛੇ ਦੀ ਮੂਰਤ ਦੀ ਪੂਜਾ ਕਰਨਾ (32:1-6)

**1ਜਾਂ ਲੋਕਾਂ ਨੇ ਵੇਖਿਆ ਭਈ ਮੂਸਾ ਨੇ ਪਹਾੜੋਂ ਲਹਿਣ ਵਿੱਚ ਚਿਰ ਲਾ ਦਿੱਤਾ ਹੈ ਤਾਂ ਲੋਕਾਂ ਨੇ
ਹਾਰੂਨ ਕੋਲ ਇਕੱਠੇ ਹੋਕੇ ਉਹ ਨੂੰ ਆਖਿਆ, ਉੱਠ ਅਤੇ ਸਾਡੇ ਲਈ ਦੇਵਤੇ ਬਣਾ ਜਿਹੜੇ ਸਾਡੇ ਅੱਗੇ
ਚੱਲਣ ਕਿਉਂ ਜੋ ਏਹ ਮਰਦ ਮੂਸਾ ਜਿਹੜਾ ਸਾਨੂੰ ਮਿਸਰ ਦੇਸ ਤੋਂ ਉਤਾਹਾਂ ਲੈ ਆਇਆ ਹੈ ਅਸੀਂ
ਨਹੀਂ ਜਾਣਦੇ ਉਹ ਨੂੰ ਕੀ ਹੋ ਗਿਆ ਹੈ। 2ਤਾਂ ਹਾਰੂਨ ਨੇ ਉਨ੍ਹਾਂ ਨੂੰ ਆਖਿਆ, ਆਪਣੀਆਂ ਤੀਵੀਆਂ
ਅਤੇ ਆਪਣੇ ਪੁੱਤ੍ਰਾਂ ਅਤੇ ਆਪਣੀਆਂ ਧੀਆਂ ਦੇ ਕੰਨਾਂ ਦੇ ਸੋਨੇ ਦੇ ਬਾਲੇ ਤੋੜ ਤਾੜ ਕੇ ਮੇਰੇ ਕੋਲ ਲੈ
ਆਓ। 3ਸੋ ਸਾਰੇ ਲੋਕ ਸੋਨੇ ਦੇ ਬਾਲੇ ਜੋ ਉਨ੍ਹਾਂ ਦੇ ਕੰਨਾਂ ਵਿੱਚ ਸਨ ਤੋੜ ਤਾੜ ਕੇ ਹਾਰੂਨ ਦੇ ਕੋਲ**

**ਲੈ ਆਏ। [4]ਤਾਂ ਉਸ ਨੇ ਓਹ ਉਨ੍ਹਾਂ ਦੇ ਹੱਥੋਂ ਲੈ ਲਏ ਅਰ ਉਨ੍ਹਾਂ ਨੂੰ ਢਾਲ ਕੇ ਇੱਕ ਉੱਕਰਨ ਵਾਲੇ ਸੰਦ ਨਾਲ ਘੜ ਕੇ ਉਹ ਦਾ ਇੱਕ ਬੱਛਾ ਬਣਾਇਆ ਤਾਂ ਉਨ੍ਹਾਂ ਨੇ ਆਖਿਆ, ਹੇ ਇਸਰਾਏਲ ਏਹ ਹੈ ਤੇਰਾ ਦੇਵਤਾ ਜਿਹੜਾ ਤੈਨੂੰ ਮਿਸਰ ਦੇਸ ਤੋਂ ਉਤਾਹਾਂ ਲੈ ਆਇਆ। [5]ਜਦ ਹਾਰੂਨ ਨੇ ਏਹ ਡਿੱਠਾ ਤਾਂ ਉਸ ਦੇ ਅੱਗੇ ਪੁਕਾਰ ਕੇ ਆਖਿਆ, ਭਲਕੇ ਯਹੋਵਾਹ ਦਾ ਪਰਬ ਹੈ। [6]ਤਾਂ ਓਹ ਅਗਲੇ ਦਿਨ ਸਵੇਰ ਨੂੰ ਉੱਠੇ ਅਰ ਹੋਮ ਦੀਆਂ ਬਲੀਆਂ ਚੜ੍ਹਾਈਆਂ ਅਰ ਸੁੱਖ ਸਾਂਦ ਦੀਆਂ ਭੇਟਾਂ ਲਿਆਏ ਤਾਂ ਲੋਕ ਖਾ ਪੀ ਕੇ ਬੈਠੇ ਅਰ ਹੱਸਣ ਖੇਲਣ ਨੂੰ ਉੱਠੇ।**

**ਆਇਤ 1. ਮੂਸਾ** ਦੇ ਚਾਲੀ ਦਿਨ ਤੱਕ **ਪਹਾੜੋਂ** ਨਾ ਉਤਰਣ ਦੇ ਕਾਰਣ ਇਸਰਾਏਲ ਦਾ ਧਰਮ ਤਿਆਗ ਵੱਧ ਗਿਆ (24:18)। ਭਾਵੇਂ ਕੁੱਝ ਵਿਦਵਾਨ ਮੰਨਦੇ ਹਨ ਕਿ ਚਾਲੀ ਦਿਨਾਂ ਨੂੰ ਇੱਕ ਆਲੰਕਾਰਿਕ ਅਰਥ ਵਿਚ ਸਮਝਿਆ ਜਾਣਾ ਚਾਹੀਦਾ ਹੈ, ਜਿਵੇਂ "ਇੱਕ ਲੰਬੇ ਅਨਿਸ਼ਚਤ ਸਮੇਂ ਦੇ ਲਈ ਇੱਕ ਜਿਸਤ ਸੰਖਿਆ,"[1] ਸੰਖਿਆ ਨੂੰ ਸ਼ਾਬਦਿਕ ਰੂਪ ਦੇ ਨਾਲ ਲਿਆ ਜਾਣਾ ਚਾਹੀਦਾ ਹੈ। ਬਿਵਸਥਾ ਸਾਰ 9:11 ਉਸੇ ਸਮੇਂ ਦੀ ਗੱਲ ਕਰਦਾ ਹੈ "ਚਾਲੀਆਂ ਦਿਨਾਂ ਅਤੇ ਚਾਲੀਆਂ ਰਾਤਾਂ।"

ਜਦਕਿ ਇਸਰਾਏਲ ਦੇ ਪਾਪ ਨੂੰ ਛੋਟ ਨਹੀਂ ਦਿੱਤੀ ਜਾ ਸਕਦੀ ਪਰ ਸ਼ਾਇਦ ਇਹ ਸਮਝਣ ਯੋਗ ਹੈ। ਲੋਕਾਂ ਦੇ ਨਜ਼ਰੀਏ ਤੋਂ, ਉਨ੍ਹਾਂ ਨੇ ਆਪਣਾ ਮਿਸਰ ਤੋਂ ਬਚ ਨਿਕਲਣਾ, ਲਾਲ ਸਮੁੰਦਰ ਦੇ ਵਿਚੋਂ ਆਪਣਾ ਛੁਟਕਾਰਾ, ਅਤੇ ਉਜਾੜ ਵਿਚ ਰਹਿਣ ਦੀ ਆਪਣੀ ਯੋਗਤਾ ਮੂਸਾ ਤੋਂ ਪ੍ਰਾਪਤ ਕੀਤੇ ਸਨ। ਇਸ ਵਿਚ ਕੋਈ ਸ਼ੱਕ ਨਹੀਂ ਹੈ, ਕਿ ਉਨ੍ਹਾਂ ਨੇ ਆਪਣੀਆਂ ਬਰਕਤਾਂ ਦੇ ਦੁਆਰਾ ਆਪਣੇ ਪ੍ਰਭੂ ਪਰਮੇਸ਼ੁਰ, ਯਹੋਵਾਹ ਦਾ ਵੀ ਧੰਨਵਾਦ ਕੀਤਾ। ਪਰ, ਜਦੋਂ ਉਨ੍ਹਾਂ ਨੇ ਇਹ ਵੇਖਿਆ, ਜੇਕਰ ਮੂਸਾ ਗਾਇਬ ਹੋ ਗਿਆ, ਤਾਂ ਯਹੋਵਾਹ ਉਨ੍ਹਾਂ ਨੂੰ ਕਿਵੇਂ ਲਾਭ ਦੇ ਸਕਦਾ ਹੈ? ਕਿ ਉਸ ਦੀਆਂ ਬਰਕਤਾਂ ਸਿਰਫ ਮੂਸਾ ਦੇ ਰਾਹੀਂ ਆਈਆਂ ਸਨ।

ਉਨ੍ਹਾਂ ਨੇ ਤਰਕ ਦਿੱਤਾ ਕਿ, ਜੇਕਰ ਮੂਸਾ ਚਲਾ ਗਿਆ, ਤਾਂ ਉਨ੍ਹਾਂ ਨੂੰ ਜਿਸ ਚੀਜ਼ ਦੀ ਲੋੜ ਸੀ ਉਹ ਹੋਰ **ਦੇਵਤੇ** (אֱלֹהִים, *ਈਲੋਹੀਮ)* ਸਨ ਤਾਂਕਿ ਉਜਾੜ ਵਿਚ ਉਹ ਉਨ੍ਹਾਂ ਦੀ ਅਗਵਾਈ ਕਰਨ। ਇਸ ਬਹੁਵਚਨ ਸ਼ਬਦ ਦਾ ਇਸਤੇਮਾਲ ਕਈ ਵਾਰ ਇਸਰਾਏਲ ਦੇ "ਪਰਮੇਸ਼ੁਰ," ਜਾਂ ਕਿਸੇ ਹੋਰ "ਦੇਵਤੇ," ਜਾਂ ਬਹੁਤ ਸਾਰੇ "ਦੇਵਤਿਆਂ" ਦੇ ਲਈ ਕੀਤਾ ਜਾਂਦਾ ਸੀ। NASB ਨੇ, ਇਸ ਮਾਮਲੇ ਵਿਚ ਹੋਰਨਾਂ ਅਨੁਵਾਦਾਂ (NAB; NJB) ਦੇ ਨਾਲ, ਇੱਕ "ਦੇਵਤੇ" ਦੇ ਵਿਕਲਪ ਨੂੰ ਚੁਣਿਆ ਹੈ, ਜਦਕਿ ਬਹੁਤ ਸਾਰੇ ਅਨੁਵਾਦਾਂ ਨੇ ਬਹੁ "ਦੇਵਤਿਆਂ" ਦੇ ਵਿਕਲਪ ਨੂੰ ਚੁਣਿਆ ਹੈ (KJV; NKJV; NRSV; ESV; REB; NIV)। ਇਹ ਤੱਥ ਕਿ *ਈਲੋਹੀਮ* ਤੋਂ ਬਾਅਦ ਇੱਕ ਬਹੁਵਚਨ ਕਿਰਿਆ ਹੈ ਇਹ ਕਹਿ ਰਿਹਾ ਹੈ ਕਿ ਉਹ ਦੂਸਰੇ ਦੇਵਤੇ ਦੀ ਭਾਲ ਕਰ ਰਹੇ ਸਨ, ਨਾ ਕਿ ਯਹੋਵਾਹ ਦੀ; ਜਦੋਂ *ਈਲੋਹੀਮ* ਪ੍ਰਭੂ ਦਾ ਉਲੇਖ ਕਰਦਾ ਹੈ, ਤਾਂ ਆਮ ਤੌਰ ਤੇ ਕਿਰਿਆ ਇੱਕ ਵਚਨ ਹੁੰਦੀ ਹੈ।[2] ਉਨ੍ਹਾਂ ਨੂੰ ਇਹ ਸਮਝਣ ਲੈਣਾ ਚਾਹੀਦਾ ਸੀ ਕਿ ਉਨ੍ਹਾਂ ਦੇ ਆਪਣੇ ਹੱਥਾਂ ਦੁਆਰਾ ਰਚਿਆ ਗਿਆ ਇੱਕ ਦੇਵਤਾ ਉਨ੍ਹਾਂ ਦੀ ਸਹਾਇਤਾ ਕਰਨ ਵਿਚ ਅਸਮੱਰਥ ਹੋਵੇਗਾ। ਪਰ, ਉਹ ਪੁਰਾਤਨ ਨੇੜਲੇ ਪੂਰਬ ਦੇ ਜ਼ਿਆਦਾਤਰ ਲੋਕਾਂ ਦੇ ਵਾਂਗ, ਆਪਣੀ ਸੋਚ ਦੇ ਘਟੀਆਪਣ ਨੂੰ ਵੇਖ ਸਕਣ ਵਿਚ ਅਸਫਲ ਰਹੇ।

**ਆਇਤਾਂ 2, 3.** ਪਰਮੇਸ਼ੁਰ ਨੂੰ ਤੱਜਣ ਵਿਚ **ਹਾਰੂਨ** ਦੀ ਸ਼ਮੂਲੀਅਤ ਬਹੁਤ ਹੀ ਹੈਰਾਨ ਕਰ ਦੇਣ ਵਾਲੀ ਹੈ। ਇਸਰਾਏਲੀ ਪ੍ਰਭੂ ਦੇ ਪ੍ਰਤਿ ਵਫ਼ਾਦਾਰ ਰਹਿਣ ਦੇ ਬਾਅਦ ਉਸ ਨੂੰ ਇੰਨੀ ਛੇਤੀ ਕਿਵੇਂ ਭੁੱਲ ਸਕਦੇ ਹਨ (19:8; 24:3, 7)? ਇਸ ਤੋਂ ਵੀ ਵੱਧ ਉਤਸੁਕਤਾ ਵਾਲੀ ਗੱਲ ਇਹ ਹੈ ਕਿ ਮੂਸਾ ਦਾ ਭਰਾ ਲੋਕਾਂ ਦੀ ਮੂਰਤੀਪੂਜਕ ਬੇਨਤੀ ਦੇ ਨਾਲ ਸਹਿਮਤ ਹੋ ਜਾਵੇਗਾ। ਹਾਰੂਨ ਦੇ ਵਿਹਾਰ ਨੂੰ ਕਿਵੇਂ ਸਮਝਾਇਆ ਜਾ ਸਕਦਾ ਹੈ?

(1) ਕੀ ਲੋਕਾਂ ਦਾ ਨਜ਼ਰੀਆ ਲੋਕਾਂ ਨਾਲੋਂ ਵੱਖਰਾ ਸੀ? ਉਹ ਚਾਹੁੰਦੇ ਸਨ ਕਿ ਉਹ ਉਨ੍ਹਾਂ ਦੇ

ਲਈ ਇੱਕ "ਦੇਵਤਾ" ਜਾਂ "ਦੇਵਤੇ" *(ਈਲੋਹੀਮ)* ਬਣਾਵੇ, ਜੋ ਮੂਸਾ ਦੁਆਰਾ ਦਰਸਾਏ ਗਏ ਇੱਕ ਪਰਮੇਸ਼ੁਰ ਤੋਂ ਇਲਾਵਾ ਕਿਸੇ ਹੋਰ ਦੇਵਤੇ ਜਾਂ ਦੇਵਤਿਆਂ ਦਾ ਜ਼ਿਕਰ ਕਰਦੇ ਹੋਣ। ਕੀ ਹਾਰੂਨ ਨੇ, ਇਸ ਦੀ ਬਜਾਇ, ਇੱਕ ਬੱਛਾ ਬਣਾਇਆ ਅਤੇ ਫਿਰ ਪ੍ਰਭੂ ਦੇ ਪਰਬ ਦੀ ਘੋਸ਼ਣਾ ਕੀਤੀ (32:5)? ਹੋ ਸਕਦਾ ਹੈ ਕਿ ਹਾਰੂਨ ਬੱਛਾ ਬਣਾਉਣ ਵਿਚ, ਇੱਕ ਸੱਚੇ ਪਰਮੇਸ਼ੁਰ ਤੇ ਵਿਸ਼ਵਾਸ ਕਰਨ ਤੋਂ ਇਨਕਾਰ ਨਹੀਂ ਕਰ ਰਿਹਾ ਸੀ।

(2) ਕੀ ਹਾਰੂਨ ਉਸ ਤੋਂ ਵੱਧ ਕੇ ਕਮਜ਼ੋਰ ਸੀ ਜਿਨ੍ਹਾਂ ਉਸ ਨੂੰ ਹੋਣਾ ਚਾਹੀਦਾ ਸੀ? ਦੁਸ਼ਟਤਾ ਤੇ ਤੁੱਲੀ ਹੋਈ ਇੱਕ ਭੀੜ ਦਾ ਸਾਹਮਣਾ ਕਰਦੇ ਹੋਏ, ਹੋ ਸਕਦਾ ਹੈ ਕਿ ਉਸ ਨੇ ਇਸ ਸਥਿਤੀ ਵਿਚ ਬੱਸ ਜੀਉਂਦੇ ਰਹਿਣ ਅਤੇ ਭਵਿੱਖ ਵਿਚ ਕੁੱਝ ਬੇਹਤਰ ਕਰਨ ਦਾ ਦ੍ਰਿੜ ਸੰਕਲਪ ਕੀਤਾ ਹੋਵੇ।

ਹਾਰੂਨ ਨੇ ਮਨੁੱਖਾਂ ਨੂੰ ਕਿਹਾ ਕਿ ਉਹ ਆਪਣੀਆਂ **ਤੀਵੀਆਂ, ਪੁੱਤ੍ਰਾਂ** ਅਤੇ ਆਪਣੀਆਂ ਧੀਆਂ **ਦੇ ਸੋਨੇ ਦੇ ਬਾਲੇ** ਇਕੱਠੇ ਕਰਨ - ਇੱਕ ਹੁਕਮ ਜਿਸ ਦਾ ਉਨ੍ਹਾਂ ਨੇ ਬੇਸਬਰੀ ਦੇ ਨਾਲ ਪਾਲਣ ਕੀਤਾ। ਸਪੱਸ਼ਟ ਰੂਪ ਵਿਚ ਯਹੂਦੀ ਲੋਕਾਂ ਦੁਆਰਾ ਦੋਵਾਂ ਲਿੰਗਾਂ ਦੇ ਦੁਆਰਾ ਕੰਨਾਂ ਦੇ ਵਾਲੇ ਪਾਉਣਾ ਇੱਕ ਸਧਾਰਣ ਗੱਲ ਨਹੀਂ ਸੀ (ਨਿਆਈਆਂ 8:24-26)। ਸਜਾਵਟ ਦੇ ਲਈ ਪਹਿਨੇ ਜਾਣ ਤੋਂ ਇਲਾਵਾ, ਕਦੀ ਕਦੀ ਇਨ੍ਹਾਂ ਦਾ ਆਤਮਿਕ ਉਦੇਸ਼ ਵੀ ਹੁੰਦਾ ਸੀ। ਆਰ. ਕੇ. ਹਰੀਸਨ ਦਾ ਮੰਨਣਾ ਸੀ ਕਿ ਪਹਿਲੇ ਪ੍ਰਾਚੀਨ ਲੋਕਾਂ ਦੇ ਦੁਆਰਾ ਬਾਲੇ "ਜਾਦੂ ਦੇ ਤਾਵੀਜ਼ਾਂ ਦੇ ਰੂਪ ਵਿਚ ਪਹਿਨੇ ਜਾਂਦੇ ਸਨ ਤਾਂਕਿ ਕੰਨਾਂ ਦੀਆਂ ਮੋਰੀਆਂ ਦੁਆਰਾ ਉਨ੍ਹਾਂ ਦੁਸ਼ਟਾਤਮਾਵਾਂ ਨੂੰ ਅੰਦਰ ਜਾਣ ਤੋਂ ਰੋਕਿਆ ਜਾ ਸਕੇ ਜੋ ਬੀਮਾਰੀ ਦਾ ਕਾਰਣ ਬਣਦੀਆਂ ਸਨ।"[3] ਬਾਲਿਆਂ ਅਤੇ ਬੁੱਤਪ੍ਰਸਤੀ ਦੇ ਵਿਚ ਸੰਬੰਧ ਨੂੰ ਇਸ ਤੱਥ ਨਾਲ ਦਰਸਾਇਆ ਗਿਆ ਹੈ ਕਿ ਯਾਕੂਬ ਦੇ ਘਰ ਵਾਲਿਆਂ ਨੇ ਆਪਣੀਆਂ ਮੂਰਤੀਆਂ ਸਮੇਤ ਉਨ੍ਹਾਂ ਤੋਂ ਛੁਟਕਾਰਾ ਪਾ ਲਿਆ ਸੀ (ਉਤਪਤ 35:2, 4)।

ਸ਼ਾਇਦ ਇਸਰਾਏਲੀਆਂ ਦੇ ਕੁੱਝ ਵਾਲੇ ਜੋ ਬੱਛਾ ਬਣਾਉਣ ਦੇ ਲਈ ਵਰਤੇ ਗਏ ਸਨ ਉਹ ਮਿਸਰੀਆਂ ਦੁਆਰਾ ਉਨ੍ਹਾਂ ਨੂੰ ਮਿਸਰ ਛੱਡਣ ਤੋਂ ਬਿਲਕੁਲ ਪਹਿਲਾਂ ਦਿੱਤੇ ਗਏ ਤੋਹਫ਼ਿਆਂ ਵਿਚੋਂ ਆਏ ਹੋਣ (11:2; 12:35, 36)। ਵਿਦਰੋਹ ਤੋਂ ਬਾਅਦ, ਇਸਰਾਏਲੀਆਂ ਨੇ ਸੋਗ ਅਤੇ ਪਛਤਾਵੇ ਦੇ ਇੱਕ ਨਿਸ਼ਾਨ ਦੇ ਰੂਪ ਵਿਚ ਆਪਣੇ ਗਹਿਣੇ ਲਾਹ ਸੁੱਟੇ ਸਨ (33:5, 6)। ਬਾਅਦ ਵਿਚ, ਉਨ੍ਹਾਂ ਨੇ ਉਦਾਰਤਾ ਦੇ ਨਾਲ ਆਪਣੇ ਕੰਨਾਂ ਦੇ ਬਾਲੇ ਤੇ ਹੋਰ ਗਹਿਣੇ ਡੇਹਰੇ ਦੇ ਨਿਰਮਾਣ, ਉਸ ਦੇ ਸਾਜ-ਸਮਾਨ, ਅਤੇ ਜਾਜਕਾਈ ਬਸਤ੍ਰ ਬਣਾਉਣ ਦੇ ਲਈ ਦਿੱਤੇ ਸਨ (35:21, 22)।

**ਆਇਤ 4.** ਇਸ ਮੌਕੇ ਤੇ, ਹਾਰੂਨ ਨੇ ਇਸਰਾਏਲੀਆਂ ਦੇ ਬਾਲੇ ਲਏ ਅਤੇ **ਢਾਲ ਕੇ ਇੱਕ ਬੱਛਾ** ਬਣਾਇਆ। ਕੁੱਝ ਟੀਕਾਕਾਰ ਸੋਚਦੇ ਹਨ ਕਿ ਮੂਰਤੀ ਲੱਕੜੀ ਤੋਂ ਬਣਾਈ ਗਈ ਸੀ ਅਤੇ ਸੋਨੇ ਨਾਲ ਮੜ੍ਹੀ ਗਈ ਸੀ।[4] ਇਹ ਤੱਥ ਕਿ ਮੂਰਤੀ ਨੂੰ ਅੱਗ ਨਾਲ ਸਾੜਿਆ ਗਿਆ ਸੀ (32:20) ਸ਼ਾਇਦ ਇਸ ਸੰਭਾਵਨਾ ਦਾ ਸੁਝਾਅ ਦੇ ਸਕਦੀ ਹੈ। ਪਰ, ਇਹ ਤੱਥ ਕਿ ਮੂਰਤੀ ਦਾ "ਢਾਲ ਕੇ" (מַסֵּכָה, *ਮੇਸਾਕਾਹ)* ਦੇ ਰੂਪ ਵਿਚ ਦੋ ਵਾਰ (32:4, 8) ਵਰਣਨ ਕੀਤਾ ਗਿਆ ਹੈ ਇਸ ਦਾ ਅਰਥ ਹੈ ਕਿ ਇਸ ਨੂੰ ਠੋਸ ਸੋਨੇ ਦੇ ਰੂਪ ਵਿਚ ਢਾਲਿਆ ਗਿਆ ਸੀ ਫਿਰ ਉਸ ਨੂੰ **ਉੱਕਰਨ ਵਾਲੇ ਸੰਦ ਨਾਲ ਘੜ ਕੇ** ਪੂਰਾ ਕੀਤਾ। ਜਿਵੇਂ ਕਿ ਜੇਮਸ ਬਰਟਨ ਕੌਫ਼ਮੈਨ ਨੇ ਕਿਹਾ, ਇਸ ਵਿਸ਼ਾਲ ਭੀੜ ਦੇ ਬਾਲਿਆਂ ਵਿਚ ਮੂਰਤੀ ਦੇ ਨਿਰਮਾਣ ਕੀਤੇ ਜਾਣ ਤੋਂ ਵੱਧ ਕੇ ਸੋਨਾ ਸੀ।[5]

ਆਰ. ਐਲਨ ਕੋਲ ਦੇ ਅਨੁਸਾਰ, ਇਬਰਾਨੀ ਸ਼ਬਦ עֵגֶל *(ਈਗਲ)* "ਬੱਛਾ" ਵਧੀਆ ਅਨੁਵਾਦ ਨਹੀਂ ਹੈ; ਇਸ ਦੀ ਬਜਾਇ, "ਇਸ ਦਾ ਅਰਥ ਹੈ ਇੱਕ ਜਵਾਨ ਬੈਲ ਆਪਣੀ ਪੂਰੀ ਜਵਾਨੀ ਵਿਚ।"[6] ਹਾਰੂਨ ਅਤੇ ਇਸਰਾਏਲੀਆਂ ਨੂੰ ਇੱਕ ਦੇਵਤੇ ਜਾਂ ਪਰਮੇਸ਼ੁਰ ਦੀ ਨੁਮਾਇੰਦਗੀ ਕਰਨ ਦੇ ਲਈ ਇੱਕ ਬਲਦ ਦੀ ਮੂਰਤੀ ਨੂੰ ਬਣਾਉਣ ਦਾ ਵਿਚਾਰ ਕਿੱਥੋਂ ਮਿਲਿਆ? ਕਿਉਂਕਿ ਇਸਰਾਏਲ ਦੇ ਲੋਕ 430 ਸਾਲ ਤੋਂ ਮਿਸਰ ਵਿਚ ਰਹਿ ਰਹੇ ਸਨ, ਇਸ ਲਈ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਹੈ ਕਿ ਉਹ

ਲੋਕ ਮਿਸਰੀਆਂ ਤੋਂ ਪ੍ਰਭਾਵਿਤ ਸਨ ਜੋ ਅਪਿਸ[7] ਦੇ ਪਵਿੱਤਰ ਬਲਦ ਦੀ ਪੂਜਾ ਕਰਦੇ ਸਨ। ਇਸ ਤੋਂ ਇਲਾਵਾ, ਨਹੂਮ ਐਮ. ਸਰਨਾ ਨੇ ਕਿਹਾ,

> ਇੱਕ ਬਲਦ ਦੇ ਰੂਪ ਵਿਚ ਇੱਕ ਦੇਵਤੇ ਦੀ ਤਸਵੀਰ ਸਾਰੇ ਪ੍ਰਾਚੀਨ ਨੇੜਲੇ ਪੂਰਬ ਵਿਚ ਵਿਆਪਕ ਸੀ। ਇਹ ਪਸ਼ੂ ਪ੍ਰਭੂਤਾ, ਸ਼ਕਤੀ, ਮਹੱਤਵਪੂਰਣ ਊਰਜਾ, ਅਤੇ ਪ੍ਰਜਨਨ ਦੀ ਯੋਗਤਾ ਦਾ ਪ੍ਰਤੀਕ ਸੀ, ਅਤੇ ਜਾਂ ਤਾਂ ਉਸ ਨੂੰ ਹਟਾ ਦਿੱਤਾ ਗਿਆ ਸੀ ਅਤੇ ਪੂਜਾ ਦੀ ਇੱਕ ਵਸਤੂ ਬਣਾ ਦਿੱਤਾ ਗਿਆ ਸੀ, ਜਾਂ, ਇਨ੍ਹਾਂ ਰੱਬੀ ਗੁਣਾਂ ਦੇ ਕਾਰਣ, ਦੇਵਤੇ ਦੇ ਪ੍ਰਤਿਨਿਧੀ ਦੇ ਰੂਪ ਵਿਚ ਉਸ ਨੂੰ ਨਿਯੁਕਤ ਕੀਤਾ ਗਿਆ ਸੀ।[8]

ਭਾਵੇਂ ਹਾਰੂਨ ਨੇ ਇਹ ਮੂਰਤੀ ਲੋਕਾਂ ਤੋਂ ਲਏ ਗਏ ਵਾਲਿਆਂ ਦੇ ਸੋਨੇ ਨੂੰ ਢਾਲ ਕੇ ਬਣਾਈ ਗਈ ਸੀ, ਪਰ ਪਰਮੇਸ਼ੁਰ ਨੇ ਮੂਰਤੀ ਬਣਾਉਣ ਦੇ ਲਈ ਲੋਕਾਂ ਨੂੰ ਜ਼ਿੰਮੇਵਾਰ ਠਹਿਰਾਇਆ ਸੀ (32:8)।

ਹਾਰੂਨ ਦੇ ਦੁਆਰਾ ਮੂਰਤੀ ਬਣਾਉਣ ਤੋਂ ਬਾਅਦ, **ਹੇ ਇਸਰਾਏਲ ਏਹ ਹੈ ਤੇਰਾ ਦੇਵਤਾ ਜਿਹੜਾ ਤੈਨੂੰ ਮਿਸਰ ਦੇਸ ਤੋਂ ਉਤਾਹਾਂ ਲੈ ਆਇਆ।**" ਆਇਤ 1 ਵਿਚ, NASB *ਏਲੋਹੀਮ* ਦਾ ਅਨੁਵਾਦ "ਦੇਵਤੇ" ਦੇ ਰੂਪ ਵਿਚ ਕਰਦਾ ਹੈ, ਜਦਕਿ ਹੋਰਨਾਂ ਸੰਸਕਰਣਾਂ ਵਿਚ ਅਨੁਵਾਦ ਬਹੁਵਚਨ ਵਿਚ "ਦੇਵਤੇ" ਕੀਤਾ ਗਿਆ ਹੈ। "ਉਨ੍ਹਾਂ" ਲੋਕਾਂ, ਜਾਂ ਉਨ੍ਹਾਂ ਦੇ ਆਗੂਆਂ ਦਾ ਉਲੇਖ ਕਰਦਾ ਹੈ, ਜਿਨ੍ਹਾਂ ਨੇ ਹਾਰੂਨ ਦੇ ਨਾਲ ਗੱਲ ਕੀਤੀ ਸੀ (32:1) ਅਤੇ ਜਿਨ੍ਹਾਂ ਨੇ ਮੂਰਤੀ ਬਣਾਉਣ ਦੇ ਲਈ ਸੋਨੇ ਦੇ ਵਾਲੇ ਪ੍ਰਦਾਨ ਕੀਤੇ ਸਨ (32:3)। ਜੇਕਰ ਅਜਿਹਾ ਹੈ, ਤਾਂ ਇਹ ਲੋਕ ਸ਼ਾਇਦ ਇਸ ਗੱਲ ਦੀ ਘੋਸ਼ਣਾ ਕਰ ਰਹੇ ਸਨ ਕਿ ਇਹ ਮੂਰਤੀ ਉਸ ਇੱਕ ਪਰਮੇਸ਼ੁਰ ਤੋਂ ਇਲਾਵਾ ਜਿਸ ਨੂੰ ਮੂਸਾ ਨੇ ਦਰਸਾਇਆ ਸੀ ਕਿਸੇ ਹੋਰ ਦੇਵਤੇ ਦੀ ਹੈ। ਜੇਕਰ, ਦੂਸਰੇ ਪਾਸੇ, "ਉਨ੍ਹਾਂ" ਹਾਰੂਨ ਅਤੇ ਉਸ ਦੇ ਪੁੱਤਰਾਂ ਦਾ ਉਲੇਖ ਕਰਦਾ ਹੈ, ਤਾਂ (ਬੱਛੇ ਦੀ ਪੂਜਾ ਕਰਨ ਦਾ ਲੋਕਾਂ ਦਾ ਇਰਾਦਾ ਭਾਵੇਂ ਕੁੱਝ ਵੀ ਹੋਵੇ), ਉਹ ਕਹਿ ਰਹੇ ਸਨ, "ਇਹ ਯਹੋਵਾਹ, ਪਰਮੇਸ਼ੁਰ ਹੈ, ਜੋ ਤੈਨੂੰ ਮਿਸਰ ਦੇ ਦੇਸ ਤੋਂ ਬਾਹਰ ਕੱਢ ਲਿਆਇਆ ਹੈ।" ਇਹ ਸਮਝ ਇਸ ਤੱਥ ਨੂੰ ਧਿਆਨ ਵਿਚ ਰੱਖਦੀ ਜਾਪਦੀ ਹੈ ਕਿ ਅਗਲੇ ਦਿਨ ਹਾਰੂਨ ਨੇ "ਯਹੋਵਾਹ ਦੇ ਪਰਬ" ਦੀ ਘੋਸ਼ਣਾ ਕੀਤੀ ਸੀ (32:5)।

ਸਰਨਾ ਨੇ ਦਾਅਵਾ ਕੀਤਾ ਕਿ ਉਹ ਲੋਕ ਦੂਸਰੇ ਦੇਵਤੇ ਦੀ ਮੰਗ ਨਹੀਂ ਕਰ ਰਹੇ ਸਨ ਸਗੋਂ ਪ੍ਰਭੂ, ਇਸਰਾਏਲ ਦੇ ਪਰਮੇਸ਼ੁਰ ਦੀ ਪ੍ਰਤੀਨਿਧਤਾ ਕਰਨ ਦੀ ਮੰਗ ਕਰ ਰਹੇ ਸਨ। ਉਸ ਨੇ ਕਿਹਾ, "ਇਹ ਸਭ ਕੁੱਝ ਪਰ ਨਿਸ਼ਚਤ ਹੈ ਕਿ 'ਇੱਕ ਦੇਵਤੇ' ਦੀ ਮੰਗ ਵਿਚ, ਉਨ੍ਹਾਂ ਦਾ ਇਰਾਦਾ ਇਸ ਤੋਂ ਵੱਧ ਕੇ ਹੋਰ ਕੁੱਝ ਵੀ ਨਹੀਂ ਸੀ ਕਿ ਉਹ ਪਰਮੇਸ਼ੁਰ ਦੀ ਹਜ਼ੂਰੀ ਨੂੰ ਦਰਸਾਉਣ ਵਾਲੀ ਇੱਕ ਢੁੱਕਵੀਂ ਵਸਤੂ ਚਾਹੁੰਦੇ ਸਨ।"[9] ਹਾਰੂਨ ਸ਼ਾਇਦ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਕਿਉਂਕਿ ਮੂਸਾ ਚਲਾ ਗਿਆ ਸੀ, ਇਸ ਲਈ ਉਨ੍ਹਾਂ ਦੇ ਕੋਲ ਪ੍ਰਭੂ ਪਰਮੇਸ਼ੁਰ ਨੂੰ ਦਰਸਾਉਣ ਵਾਲਾ ਕੋਈ ਵੀ ਅਤੇ ਕੁੱਝ ਵੀ ਨਹੀਂ ਸੀ; ਇਸ ਲਈ, ਉਸ ਨੇ ਯਹੋਵਾਹ ਦਾ ਇੱਕ ਪ੍ਰਤਿਰੂਪ ਬਣਾਇਆ। ਹੋ ਸਕਦਾ ਹੈ ਕਿ ਉਨ੍ਹਾਂ ਨੇ ਦੂਸਰੇ ਦੇਵਤੇ ਦੀ ਪੂਜਾ ਕਰਕੇ ਪਹਿਲੇ ਹੁਕਮ ਨੂੰ ਤੋੜਣ ਦਾ ਇਰਾਦਾ ਨਾ ਕੀਤਾ ਹੋਵੇ।

ਕਿਸੇ ਵੀ ਮਾਮਲੇ ਵਿਚ, ਉਹ ਆਤਮਕ ਪਰਮੇਸ਼ੁਰ ਦੀ ਇੱਕ ਭੌਤਿਕ ਮੂਰਤੀ ਬਣਾ ਕੇ ਅਤੇ ਫਿਰ ਉਸ ਦੀ ਪੂਜਾ ਕਰਕੇ ਦੂਸਰੇ ਹੁਕਮ ਨੂੰ ਤੋੜ ਰਹੇ ਸਨ (32:8)। ਹੋ ਸਕਦਾ ਹੈ ਕਿ ਇਹ ਹਵਾਲਾ ਪਰਮੇਸ਼ੁਰ ਨੂੰ ਇੱਕ ਭੌਤਿਕ ਮੂਰਤੀ ਜਾਂ ਵਸਤੂ ਦੇ ਨਾਲ ਦਰਸਾਉਣ ਦੇ ਖਤਰੇ ਨੂੰ ਦਰਸਾਉਂਦਾ ਹੋਵੇ। ਜਦਕਿ ਕਿ ਮੂਰਤੀ ਦਾ ਉਦੇਸ਼ ਪਰਮੇਸ਼ੁਰ ਦੇ ਪ੍ਰਤਿ ਉਸ ਦੇ ਅਰਾਧਕਾਂ ਦਾ ਧਿਆਨ ਆਕਰਸ਼ਿਤ ਕਰਨਾ ਹੋ ਸਕਦਾ ਹੈ ਤਾਂ ਕਿ ਉਸ ਦੀ ਬੰਦਗੀ ਹੋਰ ਵੀ ਸਾਰਥਕ ਰੂਪ ਨਾਲ ਕੀਤੀ ਜਾ ਸਕੇ, ਅਜਿਹੀ ਮੂਰਤੀ ਬਣਾਉਣ ਦਾ ਲਾਜ਼ਮੀ ਨਤੀਜਾ ਇਹ ਹੁੰਦਾ ਹੈ ਕਿ ਇਹ ਮੂਰਤੀ

ਆਖਿਰ ਵਿਚ ਇੱਕ ਨਿਸ਼ਚਤ ਰੂਪ ਵਿਚ ਪੂਜਾ ਦੀ ਇੱਕ ਵਸਤੂ ਬਣ ਜਾਂਦੀ ਹੈ, ਅਤੇ ਇਸ ਤਰ੍ਹਾਂ ਆਪਣੇ ਆਪ ਵਿਚ ਇੱਕ ਦੇਵਤਾ ਬਣ ਜਾਂਦੀ ਹੈ। ਇਸ ਤਰ੍ਹਾਂ ਦੂਸਰਾ ਹੁਕਮ ਤੋੜਣ ਦੇ ਨਾਲ ਪਹਿਲਾਂ ਵੀ ਟੁੱਟਣਾ ਸ਼ੁਰੂ ਹੋ ਜਾਂਦਾ ਹੈ।

ਬਾਅਦ ਵਿਚ, ਮੂਸਾ ਨੇ ਪਰਮੇਸ਼ੁਰ ਦੇ ਸਾਹਮਣੇ ਸਵੀਕਾਰ ਕੀਤਾ ਕਿ ਲੋਕਾਂ ਨੇ ਆਪਣੇ ਲਈ "ਸੋਨੇ ਦੇ ਦੇਵਤੇ" ਬਣਾਏ ਸਨ (32:31)। ਨਹਮਯਾਹ ਨੇ ਲਿਖਿਆ ਕਿ ਉਨ੍ਹਾਂ ਨੇ ਆਪਣੇ ਲਈ "ਇੱਕ ਢਾਲਿਆ ਹੋਇਆ ਵੱਛਾ ਬਣਾਇਆ ਅਤੇ ਕਿਹਾ, 'ਏਹ ਤੇਰਾ ਪਰਮੇਸ਼ੁਰ ਹੈ ਜਿਹੜਾ ਤੈਨੂੰ ਮਿਸਰ ਵਿੱਚੋਂ ਉਤਾਹਾਂ ਲਿਆਇਆ'" (ਨਹਮਯਾਹ 9:18)। ਜ਼ਬੂਰਾਂ 106:19, 20 ਕਹਿੰਦੀਆਂ ਹਨ, "ਹੋਰੇਬ ਵਿੱਚ ਉਨ੍ਹਾਂ ਨੇ ਇੱਕ ਵੱਛਾ ਬਣਾਇਆ, ਅਤੇ ਢਾਲੇ ਹੋਏ ਬੁੱਤ ਅੱਗੇ ਮੱਥਾ ਟੇਕਿਆ, ਇਉਂ ਉਨ੍ਹਾਂ ਨੇ ਆਪਣੇ ਪਰਤਾਪ ਨੂੰ, ਘਾਹ ਖਾਣ ਵਾਲੇ ਬਲਦ ਦੇ ਰੂਪ ਨਾਲ ਬਦਲ ਲਿਆ!" ਨਵੇਂ ਨੇਮ ਵਿਚ, ਇਸਤੀਫ਼ਾਨ ਨੇ ਇਸ ਘਟਨਾ ਦੇ ਵਿਸ਼ੇ ਵਿਚ ਕਿਹਾ, "ਉਨ੍ਹਾਂ ਨੇ ਇੱਕ ਵੱਛਾ ਬਣਾਇਆ ਅਤੇ ਉਸ ਮੂਰਤ ਨੂੰ ਬਲੀਦਾਨ ਚੜ੍ਹਾਇਆ ਅਤੇ ਆਪਣੇ ਹੱਥਾਂ ਦੇ ਕੰਮ ਉੱਤੇ ਖੁਸ਼ੀ ਮਨਾਈ" (ਰਸੂਲਾਂ 7:41)। ਪੌਲੁਸ ਨੇ ਇਹ ਘੋਸ਼ਣਾ ਕੀਤੀ ਕਿ ਉਹ ਮੂਰਤੀਪੂਜਾ ਦੇ ਦੋਸ਼ੀ ਸਨ (1 ਕੁਰਿੰਥੀਆਂ 10:7)।

**ਆਇਤ 5.** ਇਹ ਵਾਕ **ਜਦ ਹਾਰੂਨ ਨੇ ਏਹ ਡਿੱਠਾ** ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਹਾਰੂਨ ਇਹ ਘੋਸ਼ਣਾ ਕਰਨ ਵਾਲੇ ਦਲ ਵਿਚ ਨਹੀਂ ਸੀ ਕਿ "ਏਹ ਹੈ ਤੇਰਾ ਦੇਵਤਾ" (32:4)। ਪਰ, ਇਹ ਵੇਖਦੇ ਹੋਏ ਕਿ ਇਸਰਾਏਲੀਆਂ ਨੇ ਵੱਛੇ ਨੂੰ ਉਸ ਪਰਮੇਸ਼ੁਰ ਦੇ ਨਾਲ ਜੋੜ ਦਿੱਤਾ ਸੀ ਜੋ ਉਨ੍ਹਾਂ ਨੂੰ ਮਿਸਰ ਵਿੱਚੋਂ ਕੱਢ ਲਿਆਇਆ ਸੀ ਤਾਂ ਸ਼ਾਇਦ ਹਾਰੂਨ ਨੇ ਉਸ ਸਥਿਤੀ ਨੂੰ ਸਭ ਤੋਂ ਵਧੀਆ ਬਣਾਉਣ ਦੇ ਉਦੇਸ਼ ਨਾਲ **ਯਹੋਵਾਹ ਦਾ** [ਦੇ] **ਪਰਬ** ਘੋਸ਼ਣਾ ਕੀਤੀ ਹੋਵੇ। ਹਾਰੂਨ ਚਾਹੁੰਦਾ ਸੀ ਕਿ ਇਹ ਮੂਰਤੀ ਪ੍ਰਭੂ ਨੂੰ ਦਰਸਾਵੇ - ਸ਼ਾਇਦ ਲਾਜ਼ਮੀ ਤੌਰ ਤੇ ਇੱਕ ਗੱਦੀ ਜਾਂ ਇੱਕ ਸਿੰਘਾਸਣ ਦੇ ਰੂਪ ਵਿਚ ਸੇਵਾ ਕਰੇ ਜਿਸ ਨਾਲ ਉਹ ਸ਼ਾਸਨ ਕਰ ਸਕੇ। ਡਬਲਿਯੂ. ਐੱਚ. ਗਿਸਪਨ ਨੇ ਉਲੇਖ ਕੀਤਾ, ਕਿ "ਕੁੱਝ ਲੋਕ ਮੰਨਦੇ ਹਨ ਬੱਛਾ, ਇੱਕ ਦੇਵਤੇ ਦੀ ਨੁਮਾਇੰਦਗੀ ਕਰਨ ਦੀ ਬਜਾਇ, ਸਿਰਫ ਇੱਕ ਦ੍ਰਿਸ਼ ਗੱਦੀ ਸੀ ਜਿਸ ਦੇ ਉੱਤੇ ਦੇਵਤਾ ਖੜਾ ਸੀ।"[10]

**ਆਇਤ 6.** ਇਸ ਲਈ, **ਅਗਲੇ ਦਿਨ**, ਲੋਕਾਂ ਨੇ ਪ੍ਰਭੂ ਦੇ ਲਈ ਇੱਕ ਪਰਬ ਮਨਾਇਆ। ਦਿਨ ਦੀ ਸ਼ੁਰੂਆਤ ਧਾਰਮਿਕ ਰੀਤਿ-ਰਿਵਾਜ਼ਾਂ ਦੇ ਨਾਲ ਹੋਈ। ਉਨ੍ਹਾਂ ਨੇ **ਹੋਮ ਦੀਆਂ ਬਲੀਆਂ** ਅਤੇ **ਸੁੱਖ ਸਾਂਦ ਦੀਆਂ ਭੇਟਾਂ ਚੜ੍ਹਾਈਆਂ।** ਇਸ ਤਰ੍ਹਾਂ ਦੇ ਬਲੀਦਾਨਾਂ ਨੇ ਮੂਸਾ ਨੂੰ ਦਿੱਤੀ ਗਈ ਬਿਵਸਥਾ ਦੀ ਭਵਿੱਖਵਾਣੀ ਕੀਤੀ (10:25; 18:12)। ਕਾਇਨ ਅਤੇ ਹਾਬਲ ਦੇ ਸਮੇਂ ਤੋਂ ਹੀ ਪਰਮੇਸ਼ੁਰ ਨੂੰ ਬਲੀਦਾਨ ਚੜ੍ਹਾਏ ਜਾਂਦੇ ਸਨ (ਉਤਪਤ 4:3-5)। ਵਿਚਕਾਰਲੇ ਸਾਲਾਂ ਦੇ ਦੌਰਾਨ, ਕੁੱਝ ਬਲੀਆਂ ਨੂੰ "ਹੋਮ ਦੀਆਂ ਬਲੀਆਂ" ਦੇ ਰੂਪ ਵਿਚ ਜਾਣਿਆ ਜਾਂਦਾ ਸੀ ਕਿਉਂਕਿ ਬਲੀ ਨੂੰ ਪੂਰੀ ਤਰ੍ਹਾਂ ਦੇ ਨਾਲ ਜਗਵੇਦੀ ਦੇ ਉੱਤੇ ਸਾੜਿਆ ਜਾਂਦਾ ਸੀ। ਹੋਰਨਾਂ ਬਲੀਆਂ ਨੂੰ "ਸੁੱਖ-ਸਾਂਦ ਦੀਆਂ ਭੇਟਾਂ" ਕਿਹਾ ਜਾਂਦਾ ਸੀ; ਇਨ੍ਹਾਂ ਦਾ ਕੁੱਝ ਹਿੱਸਾ ਜਗਵੇਦੀ ਤੇ ਚੜ੍ਹਾਇਆ ਜਾਂਦਾ ਸੀ ਅਤੇ ਬਾਕੀ ਉਸ ਦੇ ਦੁਆਰਾ ਖਾਧਾ ਜਾਂਦਾ ਸੀ ਜੋ ਉਨ੍ਹਾਂ ਨੂੰ ਚੜ੍ਹਾਉਂਦਾ ਹੁੰਦਾ ਸੀ।

ਫੇਰ, ਵਚਨ ਕਹਿੰਦਾ ਹੈ ਕਿ **ਲੋਕ ਖਾ ਪੀ ਕੇ ਬੈਠੇ ਅਰ ਹੱਸਣ ਖੇਲਣ ਨੂੰ ਉੱਠੇ।** ਤੱਥ ਇਹ ਹੈ ਕਿ ਖਾਣ-ਪੀਣ ਤੋਂ ਹੈਰਾਨ ਨਹੀਂ ਹੋਣਾ ਚਾਹੀਦਾ ਕਿਉਂਕਿ ਇਸਰਾਏਲੀਆਂ ਨੇ "ਸੁੱਖ ਸਾਂਦ" ਦੀਆਂ ਭੇਟਾਂ ਚੜ੍ਹਾਈਆਂ ਸਨ। ਆਖਿਰਕਾਰ, ਪਹਿਲਾਂ ਯਿਥਰੋ ਨੇ ਅਜਿਹੇ ਬਲੀਦਾਨ ਕਰਨ ਤੋਂ ਬਾਅਦ ਭੋਜ ਕੀਤਾ ਸੀ (18:12)। ਪਰ, ਇਹ ਤੱਥ ਕਿ ਉਹ "ਹੱਸਣ ਖੇਲਣ ਨੂੰ ਉੱਠੇ" ਦੱਸਦਾ ਹੈ ਕਿ ਉਹ "ਅਸ਼ਲੀਲ ਅਤੇ ਬੇਹੱਦ ਨਸ਼ੇ ਵਿਚ" ਰੁੱਝੇ ਹੋਏ ਸਨ ਜੋ "ਮੂਰਤੀਪੂਜਕ ਪ੍ਰਜਨਨ ਤਿਉਹਾਰਾਂ ਦੀ ਇੱਕ ਖਾਸ ਵਿਸ਼ੇਸ਼ਤਾ ਸੀ।"[11] ਸ਼ਬਦ "ਖੇਲਣ" (צָחַק, *ਜ਼ਾਚੈਕ)* ਦਾ ਅਰਥ "ਹੱਸਣਾ," "ਮਜਾਕ ਉਡਾਉਣਾ," "ਖੇਲ ਬਣਾਉਣਾ," ਜਾਂ "ਨਕਲਾਂ ਕਰਨਾ" ਹੋ ਸਕਦਾ ਹੈ। ਇਸ ਤੋਂ ਇਲਾਵਾ, ਇਹ

ਜਿਨਸੀ ਗਤੀਵਿਧੀਆਂ ਦਾ ਹਵਾਲਾ ਦੇਣ ਦਾ ਇੱਕ ਤਰੀਕਾ ਵੀ ਹੋ ਸਕਦਾ ਹੈ (ਉਤਪਤ 26:8; 39:14, 17)। ਸਪੱਸ਼ਟ ਤੌਰ ਤੇ ਇਹ ਧਾਰਮਿਕ ਪਰਬ ਗਾਉਣ ਅਤੇ ਨੱਚਣ ਨਾਲ ਸੰਬੰਧਤ ਇੱਕ ਜਿਨਸੀ ਨੰਗਾ ਨਾਚ ਬਣ ਗਿਆ ਸੀ (32:17-19)। ਨਵੇਂ ਨੇਮ ਵਿਚ, ਪੌਲੁਸ ਰਸੂਲ ਨੇ ਮਸੀਹੀਆਂ ਨੂੰ ਆਗਾਹ ਕਰਨ ਅਤੇ ਮੂਰਤੀ ਪੂਜਾ ਵਿਚ ਭਾਗ ਲੈਣ ਦੇ ਖਿਲਾਫ਼ ਇਸ ਘਟਨਾ ਦੀ ਵਰਤੋਂ ਕੀਤੀ (1 ਕੁਰਿੰਥੀਆਂ 10:7)।

## ਪਰਮੇਸ਼ੁਰ ਦੀ ਪ੍ਰਤੀਕਿਰਿਆ: ਇਸਰਾਏਲ ਨੂੰ ਨਾਸ ਕਰਨ ਦੀ ਧਮਕੀ (32:7-10)

**7ਤਾਂ ਯਹੋਵਾਹ ਨੇ ਮੂਸਾ ਨੂੰ ਫ਼ਰਮਾਇਆ, ਹਠਾੜ ਨੂੰ ਜਾਹ ਕਿਉਂ ਕਿ ਤੇਰੇ ਲੋਕ ਜਿਨ੍ਹਾਂ ਨੂੰ ਤੂੰ ਮਿਸਰ ਦੇਸ ਤੋਂ ਉਤਾਹਾਂ ਲਿਆਇਆ ਹੈਂ ਭਰਿਸ਼ਟ ਹੋ ਗਏ ਹਨ। 8ਓਹ ਉਸ ਰਾਹ ਤੋਂ ਛੇਤੀ ਨਾਲ ਫਿਰ ਗਏ ਹਨ ਜਿਹ ਦਾ ਮੈਂ ਉਨ੍ਹਾਂ ਨੂੰ ਹੁਕਮ ਦਿੱਤਾ ਸੀ ਅਤੇ ਉਨ੍ਹਾਂ ਨੇ ਢਾਲ ਕੇ ਆਪਣੇ ਲਈ ਇੱਕ ਬੱਛਾ ਬਣਾਇਆ ਅਤੇ ਉਹ ਦੇ ਅੱਗੇ ਮੱਥਾ ਟੇਕਿਆ ਅਤੇ ਉਹ ਦੇ ਅੱਗੇ ਭੇਟ ਚੜ੍ਹਾ ਕੇ ਉਨ੍ਹਾਂ ਨੂੰ ਆਖਿਆ, ਹੇ ਇਸਰਾਏਲ ਏਹ ਹੈ ਤੇਰਾ ਦੇਵਤਾ ਜਿਹੜਾ ਤੈਨੂੰ ਮਿਸਰ ਦੇਸ ਤੋਂ ਉਤਾਹਾਂ ਲੈ ਆਇਆ। 9ਤਾਂ ਯਹੋਵਾਹ ਨੇ ਮੂਸਾ ਨੂੰ ਆਖਿਆ, ਮੈਂ ਇਨ੍ਹਾਂ ਲੋਕਾਂ ਨੂੰ ਡਿੱਠਾ ਹੈ, ਵੇਖ ਏਹ ਲੋਕ ਹਠੀ ਹਨ। 10ਹੁਣ ਤੂੰ ਮੈਨੂੰ ਇਕੱਲਾ ਹੋਣ ਦੇਹ ਤਾਂ ਜੋ ਮੇਰਾ ਕਰੋਧ ਉਨ੍ਹਾਂ ਦੇ ਵਿਰੁੱਧ ਭੜਕੇ ਅਰ ਮੈਂ ਉਨ੍ਹਾਂ ਨੂੰ ਭਸਮ ਕਰ ਸੁੱਟਾਂ ਅਤੇ ਮੈਂ ਤੈਥੋਂ ਇੱਕ ਵੱਡੀ ਕੌਮ ਬਣਾਵਾਂਗਾ।**

**ਆਇਤ 7.** ਇਸਰਾਏਲੀਆਂ ਨੇ ਇਹ ਮੰਨ ਲਿਆ ਸੀ ਕਿ ਮੂਸਾ ਅਤੇ ਉਨ੍ਹਾਂ ਦੇ ਪਰਮੇਸ਼ੁਰ ਨੇ ਉਨ੍ਹਾਂ ਨੂੰ ਤਿਆਗ ਦਿੱਤਾ ਸੀ। ਇੱਕ ਰੱਬੀ ਪ੍ਰਤੀਨਿਧੀ ਦੇ ਰਾਹੀਂ ਛੱਡ ਦਿੱਤੇ ਜਾਣ ਦੇ ਕਾਰਣ, ਉਨ੍ਹਾਂ ਨੇ ਆਪਣਾ ਖੁਦ ਦਾ ਦੇਵਤਾ ਬਣਾ ਲਿਆ। ਪਰ, ਨਾ ਹੀ ਪ੍ਰਭੂ ਨੇ ਨਾ ਹੀ ਮੂਸਾ ਨੇ ਲੋਕਾਂ ਨੂੰ ਛੱਡਿਆ ਸੀ। ਇਸ ਦੀ ਬਜਾਇ, ਲੋਕਾਂ ਨੇ ਮੂਸਾ ਅਤੇ ਪ੍ਰਭੂ ਨੂੰ ਛੱਡ ਦਿੱਤਾ ਸੀ। ਪਹਾੜ ਦੇ ਉੱਤੇ, **ਯਹੋਵਾਹ ਨੇ ਮੂਸਾ ਨੂੰ** ਕਿਹਾ, **ਹਠਾੜ ਨੂੰ ਜਾਹ** ਅਤੇ ਸਥਿਤੀ ਦਾ ਸਾਹਮਣਾ ਕਰ। ਇਸਰਾਏਲ ਦੇ ਨਾਲ ਪਰਮੇਸ਼ੁਰ ਦਾ ਗੁੱਸਾ ਇਸ ਤੱਥ ਤੋਂ ਸਪੱਸ਼ਟ ਹੁੰਦਾ ਹੈ ਕਿ ਉਸ ਨੇ ਉਨ੍ਹਾਂ ਨੂੰ ਆਪਣੇ ਲੋਕ ਨਹੀਂ ਕਿਹਾ, ਪਰ ਮੂਸਾ ਦੇ **ਲੋਕ** ਜਾਂ “ਏਹ ਲੋਕ” (32:9)। ਕਿਉਂਕਿ ਉਨ੍ਹਾਂ ਨੇ ਪਰਮੇਸ਼ੁਰ ਦੇ ਨਾਲ ਬੰਨ੍ਹੇ ਨੇਮ ਨੂੰ ਤੋੜ ਦਿੱਤਾ ਸੀ, ਇਸ ਲਈ ਅਸਲ ਵਿਚ, ਹੁਣ ਤੋਂ ਉਨ੍ਹਾਂ ਨੂੰ ਪਰਮੇਸ਼ੁਰ ਦੇ ਲੋਕ ਨਹੀਂ ਕਿਹਾ ਜਾ ਸਕਦਾ ਸੀ।[12] ਪਰਮੇਸ਼ੁਰ ਨੇ ਅੱਗੇ ਕਿਹਾ ਕਿ ਇਸਰਾਏਲੀ ਨੇ, ਜਿਨ੍ਹਾਂ ਨੂੰ “ਪਵਿੱਤ੍ਰ ਕੌਮ” ਕਿਹਾ ਜਾਂਦਾ ਸੀ (19:6), **ਭਰਿਸ਼ਟ ਹੋ ਗਏ** ਸਨ।

**ਆਇਤ 8.** ਪ੍ਰਭੂ ਨੇ ਇਹ ਦੋਸ਼ ਲਾਇਆ ਕਿ ਲੋਕ ਉਸ ਦੇ ਰਾਹ ਤੋਂ **ਛੇਤੀ ਨਾਲ ਫਿਰ ਗਏ।** ਉਨ੍ਹਾਂ ਨੇ **ਢਾਲ ਕੇ** ਇੱਕ **ਬੱਛਾ** ਬਣਾਇਆ ਅਤੇ **ਉਹ ਦੇ ਅੱਗੇ ਮੱਥਾ ਟੇਕਿਆ** ਅਤੇ **ਉਹ ਦੇ ਅੱਗੇ ਭੇਟ ਚੜ੍ਹਾ** [ਚੜ੍ਹਾਈ] ਜਿਵੇਂ ਕਿ ਉਸ ਨੇ ਉਨ੍ਹਾਂ ਨੂੰ **ਮਿਸਰ** ਤੋਂ ਛੁਡਾਇਆ ਹੋਵੇ।

ਜੇਕਰ ਲੋਕਾਂ ਦਾ ਕਾਹਲਾਪਣ ਸਮਝ ਵਿਚ ਆਉਂਦਾ ਹੈ, ਤਾਂ ਪਰਮੇਸ਼ੁਰ ਦਾ ਗੁੱਸਾ ਉਸ ਤੋਂ ਕਿੰਨਾ ਵਧੀਕ ਹੈ! ਇਹ ਉਹੀ ਲੋਕ ਹਨ ਜਿਨ੍ਹਾਂ ਨੂੰ ਪਰਮੇਸ਼ੁਰ ਨੇ ਆਪਣੀ ਦਯਾ ਅਤੇ ਸ਼ਕਤੀ ਦੇ ਨਾਲ ਮਿਸਰ ਚੋਂ ਬਚਾਇਆ ਸੀ। ਉਨ੍ਹਾਂ ਨੇ ਉਨ੍ਹਾਂ ਚਮਤਕਾਰਾਂ ਨੂੰ ਵੇਖਿਆ ਸੀ ਜੋ ਉਸ ਨੇ ਮਿਸਰ ਵਿਚ ਅਤੇ ਉਜਾੜ ਵਿਚ ਕੀਤੇ ਸਨ। ਉਨ੍ਹਾਂ ਨੇ ਉਸ ਦੀ ਮਹਿਮਾਵਾਨ ਹਜ਼ੂਰੀ ਦਾ ਅਨੁਭਵ ਕੀਤਾ ਸੀ। ਉਨ੍ਹਾਂ ਨੇ ਉਹ ਸਭ ਕਰਨ ਦਾ ਵਾਇਦਾ ਕੀਤਾ ਸੀ ਜਿਸ ਦਾ ਉਸ ਨੇ ਹੁਕਮ ਦਿੱਤਾ ਸੀ (19:8)। ਪਹਿਲੇ ਅਤੇ ਦੂਸਰੇ ਹੁਕਮ (20:3-6) ਸਹਿਤ, ਪਰਮੇਸ਼ੁਰ ਦੇ ਹੁਕਮਾਂ ਨੂੰ ਸੁਣਨ ਤੋਂ ਬਾਅਦ ਵੀ ਉਹ ਉਨ੍ਹਾਂ ਸਾਰੇ ਕੰਮਾਂ ਨੂੰ ਕਰਨ ਲਈ ਫਿਰ ਤੋਂ ਸਹਿਮਤ ਹੋ ਗਏ ਸਨ ਜੋ ਪਰਮੇਸ਼ੁਰ ਉਨ੍ਹਾਂ ਤੋਂ

ਚਾਹੁੰਦਾ ਸੀ (24:3, 7)। ਮੂਸਾ ਨੂੰ ਪਹਾੜ ਤੇ ਚੜ੍ਹੇ ਹੋਏ ਸਿਰਫ ਚਾਲੀ ਦਿਨ ਹੀ ਹੋਏ ਸਨ, ਕਿ ਲੋਕਾਂ ਨੇ ਸੋਨੇ ਦੇ ਬੱਛੇ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ ਸੀ। ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਪਰਮੇਸ਼ੁਰ ਉਨ੍ਹਾਂ ਨੂੰ ਨਾਸ ਕਰ ਦੇਣਾ ਚਾਹੁੰਦਾ ਸੀ!

**ਆਇਤ 9.** ਪ੍ਰਭੂ ਨੇ ਲੋਕਾਂ ਨੂੰ **ਹਠੀ ਲੋ** [ਕਾਂ] ਦੇ ਰੂਪ ਵਿਚ ਸੰਬੋਧਤ ਕੀਤਾ। ਸ਼ਬਦ "ਹਠੀ" ਜਾਂ "ਜ਼ਿੱਦੀ" (NEB; TEV) ਨੂੰ ਸ਼ਬਦ קְשֵׁה־עֹרֶף *(ਕਸ਼ੈਥਓਰੇਪ)* ਦਾ ਅਨੁਵਾਦ ਕਰਨ ਦੇ ਲਈ ਵਰਤਿਆ ਗਿਆ ਹੈ, ਜੋ ਇੱਕ ਮੁਹਾਵਰਾ ਹੈ ਜਿਸ ਦਾ ਸ਼ਾਬਦਿਕ ਅਰਥ ਹੈ "ਆਕੜੀ ਧੌਣ" (KJV; NKJV; ASV; RSV; NRSV; NIV)। ਇਸ ਮੁਹਾਵਰੇ ਦੀ ਸਭ ਤੋਂ ਵੱਧ ਸੰਭਾਵਨਾ ਇਹ ਹੈ ਕਿ ਖੇਤੀਬਾੜੀ ਦੇ ਜ਼ਿੱਦੀ ਜਾਨਵਰਾਂ ਨੇ ਆਪਣੀ ਧੌਣ ਨੂੰ ਅਕੜਾ ਲਿਆ ਸੀ, ਅਤੇ ਉਹ ਜੂਲਾ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ। ਜੇਮਸ ਕੇ. ਹੌਫ਼ਮਿਅਰ ਨੇ ਸਮਝਾਇਆ,

> ਇਸਰਾਏਲੀਆਂ ਦੇ ਲਈ, ਨੇਮ ਦੀਆਂ ਸ਼ਰਤਾਂ ਨੂੰ ਮੰਨਣਾ ਜੂਲਾ ਉਠਾਉਣ ਦੇ ਸਮਾਨ ਸੀ, ਜਦਕਿ ਨਾ ਮੰਨਣਾ ਜੂਲੇ ਨੂੰ ਤੋੜਣਾ ਸੀ (ਯਿਰਮਿਯਾਹ 2:20; 5:5); ਇਸ ਲਈ, ਪਰਮੇਸ਼ੁਰ ਦੇ ਜੂਲੇ ਨੂੰ ਉਠਾਉਣਾ ਆਦਰਸ਼ ਸੀ, ਪਰ ਜੂਲੇ ਨੂੰ ਤੋੜਣਾ ਪਰਮੇਸ਼ੁਰ ਨੂੰ ਤੱਜਣਾ ਸੀ ਅਤੇ ਧੌਣ ਅਕੜਾਉਣਾ ਇਸ ਨੂੰ ਪਹਿਨਣ ਤੋਂ ਇਨਕਾਰ ਕਰਨਾ ਸੀ।[13]

ਕੂਚ 32:9 ਪੁਰਾਣੇ ਨੇਮ ਵਿਚ "ਧੌਣ ਅਕੜਾਉਣ" ਦਾ ਪਹਿਲਾ ਪ੍ਰਯੋਗ ਹੈ। ਇਹ ਸ਼ਬਦ ਬਾਰ-ਬਾਰ ਆਉਂਦਾ ਹੈ, ਜੋ ਇਸਰਾਏਲ ਦੁਆਰਾ ਪਰਮੇਸ਼ੁਰ ਦੇ ਨੇਮ ਦੀ ਪਾਲਣਾ ਕਰਨ ਤੋਂ ਇਨਕਾਰ ਕਰਨ ਅਤੇ ਉਸ ਦੇ ਨਬੀਆਂ ਦੀਆਂ ਚੇਤਾਵਨੀਆਂ ਵੱਲ ਧਿਆਨ ਨਾ ਦੇਣ ਦਾ ਸੰਕੇਤ ਦਿੰਦਾ ਹੈ।

**ਆਇਤ 10.** ਉਸ ਸਮੇਂ, ਪਰਮੇਸ਼ੁਰ ਨੇ ਲੋਕਾਂ ਨੂੰ **ਭਸਮ** ਕਰਨ ਅਤੇ ਮੂਸਾ ਦੇ ਦੁਆਰਾ **ਇੱਕ ਵੱਡੀ ਕੌਮ** ਬਣਾਉਣ ਦੀ ਧਮਕੀ ਦਿੱਤੀ। ਪਰਮੇਸ਼ੁਰ ਦਾ ਕ੍ਰੋਧ, ਬਿਲਕੁਲ ਸਹੀ ਸੀ। ਜੋ ਨੇਮ ਪਰਮੇਸ਼ੁਰ ਨੇ ਲੋਕਾਂ ਦੇ ਨਾਲ ਬੰਨਿਆ ਸੀ ਉਹ ਕਹਿੰਦਾ ਸੀ ਕਿ, ਜਦੋਂ ਤੱਕ ਲੋਕ ਪਰਮੇਸ਼ੁਰ ਦੀ ਆਗਿਆਕਾਰੀ ਕਰਣਗੇ, ਉਹ ਉਸ ਦੇ ਲੋਕ ਹੋਣਗੇ। ਜਿੰਨਾ ਚਿਰ ਉਹ ਉਸ ਦੀ ਇੱਛਾ ਨੂੰ ਪੂਰਾ ਕਰਣਗੇ, ਉਹ ਉਨ੍ਹਾਂ ਨੂੰ ਬਰਕਤ ਦੇਵੇਗਾ। ਕਿਉਂਕਿ ਇਸ ਉਦਾਹਰਣ ਵਿਚ ਉਨ੍ਹਾਂ ਨੇ ਉਸ ਦੀ ਇੱਛਾ ਨੂੰ ਪੂਰਾ ਨਹੀਂ ਕੀਤਾ ਸੀ, ਇਸ ਲਈ ਪਰਮੇਸ਼ੁਰ ਦਾ ਕ੍ਰੋਧ ਜਾਇਜ਼ ਸੀ ਅਤੇ ਜੇਕਰ ਉਹ ਇਸਰਾਏਲ ਦੇ ਨਾਲ ਬੰਨ੍ਹੇ ਆਪਣੇ ਨੇਮ ਨੂੰ ਤੋੜ ਦਿੰਦਾ ਅਤੇ ਉਸ ਕੌਮ ਨੂੰ ਨਾਸ ਕਰ ਦਿੰਦਾ ਤਾਂ ਉਸ ਨੇ ਬਿਲਕੁਲ ਸਹੀ ਹੋਣਾ ਸੀ।

ਭਾਵੇਂ ਪਰਮੇਸ਼ੁਰ ਇਸਰਾਏਲ ਨੂੰ ਨਾਸ ਕਰਨ ਵਿਚ ਸਹੀ ਠਹਿਰਦਾ, ਤਾਂ ਵੀ ਉਹ ਪਰਮੇਸ਼ੁਰ ਨਾ ਹੁੰਦਾ ਜੇਕਰ ਉਸ ਨੇ ਇੱਕ ਮਹਾਨ ਕੌਮ ਨੂੰ ਬਣਾਉਣ ਦੇ ਲਈ ਆਪਣੀ ਯੋਜਨਾ ਨੂੰ ਛੱਡ ਦਿੱਤਾ ਹੁੰਦਾ ਜਿਸ ਦੇ ਦੁਆਰਾ ਉਸ ਨੇ ਮਨੁੱਖ ਜਾਤੀ ਨੂੰ ਬਚਾਉਣਾ ਸੀ। ਉਸ ਨੇ ਮੂਸਾ ਦੇ ਸਾਹਮਣੇ ਇੱਕ ਵਿਕਲਪ ਰੱਖਿਆ। ਉਸ ਦੀ "ਦੂਸਰੀ ਯੋਜਨਾ" ਉਨ੍ਹਾਂ ਵਾਇਦਿਆਂ ਨੂੰ ਪੂਰਾ ਕਰਨਾ ਸੀ ਜੋ ਉਸ ਨੇ ਮੂਸਾ ਦੇ ਦੁਆਰਾ ਇਸਰਾਏਲ ਦੇ ਪੁਰਖਿਆਂ ਦੇ ਨਾਲ ਕੀਤੇ ਸਨ।

## ਮੂਸਾ ਦੀ ਵਿਚੋਲਗੀ ਦੀ ਪ੍ਰਾਰਥਨਾ (32:11-13)

**11ਤਾਂ ਮੂਸਾ ਨੇ ਯਹੋਵਾਹ ਆਪਣੇ ਪਰਮੇਸ਼ੁਰ ਦੇ ਅੱਗੇ ਤਰਲੇ ਪਾਕੇ ਆਖਿਆ, ਹੇ ਯਹੋਵਾਹ
ਤੇਰਾ ਕਰੋਧ ਤੇਰੇ ਲੋਕਾਂ ਦੇ ਵਿਰੁੱਧ ਕਿਉਂ ਭੜਕਿਆ ਹੈ ਜਿਨ੍ਹਾਂ ਨੂੰ ਤੂੰ ਮਿਸਰ ਦੇਸ ਤੋਂ ਵੱਡੀ ਸ਼ਕਤੀ
ਅਤੇ ਬਲਵੰਤ ਹੱਥ ਨਾਲ ਕੱਢ ਕੇ ਲੈ ਆਇਆ ਹੈਂ?**
**12ਮਿਸਰੀ ਕਿਉਂ ਆਖਣ ਭਈ ਉਹ ਉਨ੍ਹਾਂ ਨੂੰ
ਬੁਰਿਆਈ ਲਈ ਲੈ ਗਿਆ ਤਾਂ ਜੋ ਉਨ੍ਹਾਂ ਨੂੰ ਪਹਾੜਾਂ ਵਿੱਚ ਮਾਰ ਸੁੱਟੇ ਅਤੇ ਉਨ੍ਹਾਂ ਨੂੰ ਜ਼ਮੀਨ ਉੱਤੋਂ**

**ਮੁਕਾ ਦੇਵੇ? ਆਪਣੇ ਕਰੋਧ ਦੇ ਭੜਕਣ ਨੂੰ ਮੋੜ ਲੈ ਅਤੇ ਆਪਣੇ ਲੋਕਾਂ ਉੱਤੇ ਬੁਰਿਆਈ ਲਾਉਣ ਤੋਂ ਹਟ ਜਾਣਾ। [13]ਤੂੰ ਆਪਣੇ ਸੇਵਕ ਅਬਰਾਹਾਮ ਇਸਹਾਕ ਅਤੇ ਇਸਰਾਏਲ ਨੂੰ ਚੇਤੇ ਕਰ ਜਿਨ੍ਹਾਂ ਨਾਲ ਤੈਂ ਆਪਣੀ ਹੀ ਸੌਂਹ ਖਾਕੇ ਆਖਿਆ ਸੀ ਭਈ ਮੈਂ ਤੁਹਾਡੀ ਸੰਤਾਨ ਅਕਾਸ਼ ਦੇ ਤਾਰਿਆਂ ਵਾਂਙੁ ਵਧਾਵਾਂਗਾ ਅਤੇ ਏਹ ਸਾਰਾ ਦੇਸ ਜਿਸ ਦੇ ਲਈ ਮੈਂ ਆਖਿਆ ਹੈ ਮੈਂ ਉਹ ਤੁਹਾਡੀ ਸੰਤਾਨ ਨੂੰ ਦੇਵਾਂਗਾ ਅਤੇ ਓਹ ਸਦਾ ਲਈ ਉਹ ਦੇ ਅਧਕਾਰੀ ਹੋਣਗੇ।**

**ਆਇਤ 11. ਮੂਸਾ** ਨੇ ਇਸਰਾਏਲੀਆਂ ਦਾ ਪੱਖ ਪੂਰਿਆ, ਜਿਵੇਂ ਇੱਕ ਅਦਾਲਤ ਵਿਚ ਇੱਕ ਵਕੀਲ ਆਪਣੇ ਦੋਸ਼ੀ ਮੁਵੱਕਿਲ ਦੇ ਬਚਾਅ ਦੇ ਲਈ ਆਉਂਦਾ ਹੈ। ਇਸ ਮੌਕੇ ਤੇ ਉਸ ਦਾ ਠੋਸ ਭਾਸ਼ਣ ਉਸ ਦੇ ਪਹਿਲੇ ਵਿਰੋਧ ਤੇ ਸ਼ੱਕ ਨੂੰ ਜਤਾਉਂਦਾ ਹੈ ਕਿ ਉਹ "ਧੜੱਲੇਦਾਰ ਗੱਲਾਂ ਕਰਨ ਵਾਲਾ ਮਨੁੱਖ ਨਹੀਂ, ਸੀ," ਪਰ "ਉਸ ਦੀ ਬੋਲੀ ਢਿੱਲੀ ਅਤੇ ਜੀਭ ਮੋਟੀ" ਸੀ (4:10)। ਅਰਥਪੂਰਣ ਢੰਗ ਦੇ ਨਾਲ, ਮੂਸਾ ਨੇ **ਪਰਮੇਸ਼ੁਰ** ਨੂੰ ਮਨਾਉਣ ਦੇ ਲਈ ਤਿੰਨ ਤਰਕ ਪ੍ਰਸਤੁਤ ਕੀਤੇ ਕਿ ਉਹ ਆਪਣੀ ਘੋਸ਼ਿਤ ਯੋਜਨਾ ਨੂੰ ਪੂਰਾ ਨਾ ਕਰੇ।[14]

ਪਹਿਲਾ ਤਰਕ ਪਰਮੇਸ਼ੁਰ ਨੂੰ *ਯਾਦ ਦਿਵਾਉਣਾ ਸੀ ਕਿ ਉਸ ਨੇ ਕੀ ਕੀਤਾ ਸੀ।* ਮੂਸਾ ਨੇ ਇਸ ਵਿਚਾਰ ਦਾ ਸੰਕੇਤ ਪਰਮੇਸ਼ੁਰ ਦੇ ਲੋਕਾਂ ਦੀ ਗੱਲ ਕਰਕੇ ਦਿੱਤਾ ਜਿਨ੍ਹਾਂ ਨੂੰ ਉਹ **ਮਿਸਰ ਦੇਸ ਤੋਂ ਵੱਡੀ ਸ਼ਕਤੀ ਅਤੇ ਬਲਵੰਤ ਹੱਥ ਨਾਲ ਕੱਢ ਕੇ ਲੈ ਆਇਆ** ਸੀ। ਸਪੱਸ਼ਟ ਤੌਰ ਤੇ, ਉਹ ਚਾਹੁੰਦਾ ਸੀ ਕਿ ਪਰਮੇਸ਼ੁਰ ਯਾਦ ਰੱਖੇ ਕਿ ਉਸ ਨੇ ਇਸਰਾਏਲ ਦੇ ਲਈ ਕੀ ਕੀਤਾ ਸੀ ਤਾਂ ਕਿ ਉਨ੍ਹਾਂ ਲੋਕਾਂ ਨੂੰ ਨਾਸ ਕਰਨ ਦੀ ਉਸ ਦੀ ਇੱਛਾ ਘੱਟ ਸਕੇ ਜਿਨ੍ਹਾਂ ਨੂੰ ਵੱਡੀ ਦਯਾ ਦੇ ਨਾਲ ਕੱਢ ਲਿਆਇਆ ਸੀ।

**ਆਇਤ 12.** ਦੂਸਰਾ ਤਰਕ ਇਹ ਸੀ ਕਿ ਪਰਮੇਸ਼ੁਰ *ਵਿਚਾਰ ਕਰੇ ਕਿ ਦੂਸਰੇ ਲੋਕ ਕੀ ਕਹਿਣਗੇ।* ਮੂਸਾ ਨੇ ਸੰਕੇਤ ਦਿੱਤਾ ਕਿ **ਮਿਸਰੀ** ਜਾਣਦੇ ਹਨ ਕਿ ਇਸਰਾਏਲੀਆਂ ਦੇ ਪਰਮੇਸ਼ੁਰ ਨੇ ਉਨ੍ਹਾਂ ਨੂੰ ਛੁਡਾਇਆ ਸੀ; ਉਨ੍ਹਾਂ ਨੇ ਉਸ ਦੀ ਸਮੱਰਥ ਨੂੰ ਵੇਖਿਆ ਅਤੇ ਮੰਨਿਆ ਸੀ। ਪਰ ਜੇਕਰ ਹੁਣ ਪਰਮੇਸ਼ੁਰ ਉਜਾੜ ਵਿਚ ਇਸਰਾਏਲ ਨੂੰ ਨਾਸ ਕਰ ਦੇਵੇ, ਤਾਂ ਉਹ ਉਸ ਦੇ ਚੰਗੇ ਇਰਾਦਿਆਂ ਤੇ ਸ਼ੱਕ ਕਰਣਗੇ। ਹੋ ਸਕਦਾ ਹੈ ਉਹ ਕਹਿਣ, "ਉਹ ਇੱਕ ਸ਼ਕਤੀਸ਼ਾਲੀ ਪਰ *ਬੁਰਾ* ਦੇਵਤਾ ਹੈ।" ਅਸਲ ਵਿਚ, ਮੂਸਾ ਨੇ ਕਿਹਾ, "ਆਪਣੀ ਨੇਕਨਾਮੀ ਦੇ ਬਾਰੇ ਸੋਚੋ।"

**ਆਇਤ 13.** ਤੀਸਰਾ ਤਰਕ ਇਹ ਸੀ ਕਿ ਪਰਮੇਸ਼ੁਰ *ਆਪਣੇ ਵਾਇਦਿਆਂ ਨੂੰ ਨਾ ਭੁੱਲੇ।* ਪਰਮੇਸ਼ੁਰ ਦੇ ਵਾਇਦੇ **ਅਬਰਾਹਾਮ, ਇਸਹਾਕ, ਅਤੇ ਇਸਰਾਏਲ** (ਯਾਕੂਬ) ਨਾਲ ਕੀਤੇ ਗਏ ਸਨ, ਅਤੇ ਉਸ ਵਿਚ ਬਹੁਤ ਸਾਰੀ **ਸੰਤਾਨ** ਅਤੇ **ਦੇਸ** ਸ਼ਾਮਲ ਸਨ। ਮੂਸਾ ਇੰਝ ਕਹਿੰਦਾ ਜਾਪ ਰਿਹਾ ਸੀ, "ਜੇ ਤੂੰ ਸਾਰੇ ਲੋਕਾਂ ਨੂੰ ਤਬਾਅ ਕਰ ਦੇਵੇਂ, ਤਾਂ ਇਹ ਵਿਸ਼ੇਸ਼ ਵਾਇਦੇ ਪੂਰੇ ਨਹੀਂ ਹੋਣਗੇ।"

## ਪਰਮੇਸ਼ੁਰ ਵੱਲੋਂ ਮੁੜ ਵਿਚਾਰ ਕਰਨਾ (32:14)

**[14]ਤਾਂ ਯਹੋਵਾਹ ਉਸ ਬੁਰਿਆਈ ਤੋਂ ਹਟ ਗਿਆ ਜਿਹੜੀ ਆਪਣੇ ਲੋਕਾਂ ਨਾਲ ਕਰਨ ਲਈ ਬੋਲਿਆ ਸੀ।**

**ਆਇਤ 14.** ਲਿਖਤ ਦੇ ਅਨੁਸਾਰ, ਮੂਸਾ ਦੇ ਤਰਕਾਂ ਨੇ ਸਪੱਸ਼ਟ ਤੌਰ ਤੇ ਪਰਮੇਸ਼ੁਰ ਨੂੰ ਮਨਾ ਲਿਆ; ਉਹ **ਉਸ ਬੁਰਿਆਈ ਤੋਂ ਹਟ ਗਿਆ** ਅਤੇ "ਪਹਿਲੀ ਯੋਜਨਾ" ਤੇ ਆ ਗਿਆ। ਮੂਸਾ ਹੁਣ ਉਹ ਕਰਨ ਦੇ ਲਈ ਤਿਆਰ ਸੀ ਜੋ ਕਰਨ ਦੇ ਲਈ ਪਹਿਲਾਂ ਪਰਮੇਸ਼ੁਰ ਨੇ ਉਸ ਨੂੰ ਹਿਦਾਇਤ ਦਿੱਤੀ ਸੀ: "ਹਠਾੜ ਨੂੰ ਜਾਹ" (32:7)।

ਜਦਕਿ ਇਸ ਆਇਤ ਦਾ ਅਰਥ ਸਪੱਸ਼ਟ ਹੈ, ਪਰ ਇਹ ਇਸ ਅਹਿਮ ਪ੍ਰਸ਼ਨ ਨੂੰ ਪੈਦਾ ਕਰਦਾ

ਹੈ: ਪਰਮੇਸ਼ੁਰ ਆਪਣੇ ਮਨ ਨੂੰ ਕਿਵੇਂ ਬਦਲ ਸਕਦਾ ਹੈ? ਆਖਿਰਕਾਰ, ਜਿਵੇਂ ਪਵਿੱਤਰ ਬਾਈਬਲ ਸਿਖਾਉਂਦੀ ਹੈ, ਪਰਮੇਸ਼ੁਰ, ਅਟੱਲ ਹੈ। ਉਸ ਨੇ ਮਲਾਕੀ 3:6 ਵਿਚ ਕਿਹਾ ਹੈ, "ਕਿਉਂ ਜੋ ਮੈਂ ਯਹੋਵਾਹ ਅਟੱਲ ਹਾਂ। ਏਸੇ ਕਾਰਨ, ਹੇ ਯਾਕੂਬ ਦੇ ਪੁੱਤ੍ਰੋ, ਤੁਸੀਂ ਨਹੀਂ ਮੁੱਕੇ" (ਵੇਖੋ ਗਿਣਤੀ 23:19; ਯਾਕੂਬ 1:17)। ਫਿਰ, ਇਹ ਕਹਿਣਾ ਕਿਵੇਂ ਸੰਭਵ ਹੈ ਕਿ ਪਰਮੇਸ਼ੁਰ "ਉਸ ਬੁਰਿਆਈ ਤੋਂ ਹਟ ਗਿਆ," ਜਿਵੇਂ 32:14 ਵਿਚ ਹੈ?

ਸ਼ਬਦ נָחַם *(ਨਾਚਮ)*, ਜਿਸ ਦਾ ਅਨੁਵਾਦ "ਉਸ ਦਾ ਮਨ ਬਦਲ ਗਿਆ" (NASB; NRSV) ਹੈ, ਉਸ ਦਾ ਅਨੁਵਾਦ "ਨਿਮਰ ਹੋ ਜਾਣਾ" ਵੀ ਹੈ (NKJV; NIV; NAB; NJB; ESV)। KJV ਵਿਚ ਇਸ ਦਾ ਅਨੁਵਾਦ "ਪਛਤਾਇਆ" ਕੀਤਾ ਗਿਆ ਹੈ, ਜਿਸ ਨੇ ਬਾਈਬਲ ਦੇ ਪਾਠਕਾਂ ਦੇ ਮਨ ਦੀ ਉਲਝਣ ਨੂੰ ਹੋਰ ਵੀ ਵਧਾ ਦਿੱਤਾ ਹੈ। ਹੋ ਸਕਦਾ ਹੈ ਕਿ ਕੋਈ ਪੁੱਛੇ, "ਇੱਕ ਪਰਮ-ਪਵਿੱਤਰ, ਪਾਪਰਹਿਤ ਪਰਮੇਸ਼ੁਰ ਪਛਤਾਵਾ ਕਿਵੇਂ ਕਰ ਸਕਦਾ ਹੈ?" ਵਾਲਟਰ ਸੀ. ਕੇਸਰ, ਜੂਨੀਅਰ, ਨੇ, ਇਹ ਮਦਦਗਾਰ ਵਿਆਖਿਆ ਪ੍ਰਦਾਨ ਕੀਤੀ:

> ਪਰਮੇਸ਼ੁਰ ਦਾ ਪਛਤਾਵਾ ਜਾਂ "ਨਿਮਰ ਹੋਣਾ" ਇੱਕ ਮਾਨਵਸ਼ਾਸਤਰ ਹੈ (ਮਨੁੱਖੀ ਰੂਪਾਂ ਵਿਚ ਪਰਮੇਸ਼ੁਰ ਦਾ ਵਰਣਨ) ਜਿਸ ਦਾ ਉਦੇਸ਼ ਸਾਨੂੰ ਇਹ ਵਿਖਾਉਣਾ ਹੈ ਕਿ ਉਹ ਅਜਿਹਾ ਕਰਨ ਲਈ ਉਚਿਤ ਆਧਾਰ ਦਿੱਤੇ ਜਾਣ ਤੇ ਆਪਣੇ ਕੰਮਾਂ ਅਤੇ ਜਜ਼ਬਾਤਾਂ ਵਿਚ ਤਬਦੀਲੀਆਂ ਕਰ ਸਕਦਾ ਹੈ ਅਤੇ ਇਸ ਤਰ੍ਹਾਂ ਉਹ ਆਪਣੀ ਮੂਲ ਅਖੰਡਤਾ ਜਾਂ ਚਰਿੱਤਰ ਵਿਚ ਨਹੀਂ ਬਦਲਦਾ ਹੈ (ਤੁਲਨਾ ਕਰੋ ਜ਼ਬੂਰਾਂ 99:6; 106:45; ਯਿਰਮਿਯਾਹ 18:8; ਆਮੋਸ 7:3, 6; ਯੂਨਾਹ 3:10; ਯਾਕੂਬ 5:16)। ਪ੍ਰਭੂ ਦੇ ਪਛਤਾਵੇ ਦੇ ਤਿੰਨ ਅਧਾਰ ਹਨ: (1) ਵਿਚੋਲਗੀ (ਤੁਲਨਾ ਕਰੋ ਆਮੋਸ 7:1-6); (2) ਲੋਕਾਂ ਵੱਲੋਂ ਤੌਬਾ (ਯਿਰਮਿਯਾਹ 18:3-11; ਯੂਨਾਹ 3:9-10); ਅਤੇ (3) ਤਰਸ (ਬਿਵਸਥਾ 32:36; ਨਿਆਈਆਂ 2:18; 2 ਸਮੂਏਲ 24:16)।[15]

ਜਦਕਿ ਇਬਰਾਨੀ ਸ਼ਬਦ *ਨਾਚਮ* ਦਾ ਇਸਤੇਮਾਲ ਅਕਸਰ ਪਰਮੇਸ਼ੁਰ ਦੇ ਦਿਮਾਗ ਨੂੰ ਬਦਲਣ ਦੇ ਲਈ ਕੀਤਾ ਜਾ ਸਕਦਾ ਹੈ, ਪਾਪ ਤੋਂ ਮਨੁੱਖ ਦੀ ਤੌਬਾ ਦੇ ਲਈ ਹੋਰ ਵਧੇਰੇ ਸਧਾਰਣ ਸ਼ਬਦ ਹੈ שׁוּב *(ਸ਼ੂਭ)*।

"ਯਹੋਵਾਹ ਉਸ ਬੁਰਿਆਈ ਤੋਂ ਹਟ ਗਿਆ" ਦਾ ਅਰਥ ਹੈ ਕਿ ਹਾਲਾਤਾਂ ਦੇ ਬਦਲਾਅ ਦੇ ਅਧਾਰ ਤੇ ਆਪਣੇ ਪਹਿਲੇ ਦੇ ਰਵੱਈਏ ਜਾਂ ਯੋਜਨਾਬੱਧ ਕਾਰਵਾਈ ਨੂੰ ਬਦਲ ਲਿਆ। ਇਸ ਸਥਿਤੀ ਵਿਚ, ਪਰਮੇਸ਼ੁਰ ਵਿਚ ਬਦਲਾਅ ਨੂੰ ਪੈਦਾ ਕਰਨ ਵਾਲੀਆਂ ਸਥਿਤੀਆਂ ਵਿਚ ਨਵਾਂ ਕਾਰਕ ਮੂਸਾ ਦੀ ਵਿਚੋਲਗੀ ਸੀ। ਪਰ, ਪਰਮੇਸ਼ੁਰ ਦੇ ਦੁਆਰਾ ਕਿਸੇ ਦੇ ਪ੍ਰਤਿ ਆਪਣੇ ਵਿਹਾਰ ਵਿਚ ਬਦਲਾਅ ਇਸ ਤੱਥ ਨਾਲ ਅਲੱਗ ਨਹੀਂ ਹੁੰਦਾ ਪਰ ਉਹ ਅਟੱਲ ਰਹਿੰਦਾ ਹੈ - ਆਪਣੇ ਚਰਿੱਤਰ ਵਿਚ, ਮਨੁੱਖ ਜਾਤੀ ਦੇ ਲਈ ਆਪਣੀ ਬੁਨਿਆਦੀ ਯੋਜਨਾ ਵਿਚ, ਅਤੇ ਆਪਣੇ ਉਦੇਸ਼ ਵਿਚ।

## ਇਸਰਾਏਲ ਦੀ ਸਜ਼ਾ (32:15-35)

### ਦੂਸ਼ਿਤ ਪਾਣੀ ਪੀਣਾ (32:15-24)

**[15]ਤਾਂ ਮੂਸਾ ਮੁੜ ਕੇ ਪਹਾੜ ਤੋਂ ਹਠਾੜ ਨੂੰ ਆਇਆ ਅਤੇ ਸਾਖੀ ਦੀਆਂ ਦੋ ਫੱਟੀਆਂ ਉਸ ਦੇ ਹੱਥ ਵਿੱਚ ਸਨ। ਓਹ ਫੱਟੀਆਂ ਦੋਹਾਂ ਪਾਸਿਆਂ ਤੋਂ ਲਿਖੀਆਂ ਹੋਈਆਂ ਸਨ ਇੱਕ ਪਾਸਿਓਂ ਅਤੇ ਦੂਜੇ ਪਾਸਿਓਂ ਵੀ ਲਿਖੀਆਂ ਹੋਈਆਂ ਸਨ। [16]ਅਤੇ ਫੱਟੀਆਂ ਪਰਮੇਸ਼ੁਰ ਦਾ ਕੰਮ ਸੀ ਅਤੇ ਉਨ੍ਹਾਂ ਦੀ ਲਿਖਤ ਪਰਮੇਸ਼ੁਰ ਦੀ ਲਿਖਤ ਸੀ ਜਿਹੜੀ ਫੱਟੀਆਂ ਉੱਤੇ ਉੱਕਰੀ ਹੋਈ ਸੀ। [17]ਜਾਂ ਯਹੋਸ਼ੁਆ ਨੇ ਲੋਕਾਂ ਦੀ**

**ਅਵਾਜ਼ ਸੁਣੀ ਜਿਹੜੇ ਡੰਡ ਪਾਉਂਦੇ ਸਨ ਤਾਂ ਉਸ ਨੇ ਮੂਸਾ ਨੂੰ ਆਖਿਆ, ਡੇਰੇ ਵਿੱਚ ਲੜਾਈ ਦੀ ਅਵਾਜ਼ ਹੈ। [18]ਤਾਂ ਉਸ ਆਖਿਆ, ਏਹ ਰੌਲਾ ਨਾ ਤਾਂ ਫਤਹ ਪਾਉਣ ਵਾਲਿਆਂ ਦਾ ਹੈ ਅਰ ਨਾ ਏਹ ਰੌਲਾ ਹਾਰਨ ਵਾਲਿਆਂ ਦਾ ਹੈ ਪਰ ਮੈਂ ਗਾਉਣ ਵਾਲਿਆਂ ਦੀ ਅਵਾਜ਼ ਸੁਣਦਾ ਹਾਂ। [19]ਤਾਂ ਐਉਂ ਹੋਇਆ ਜਦੋਂ ਉਹ ਡੇਰੇ ਦੇ ਨੇੜੇ ਆਇਆ ਤਾਂ ਉਸ ਨੇ ਬੱਛੇ ਅਤੇ ਨੱਚਣ ਨੂੰ ਡਿੱਠਾ ਤਾਂ ਮੂਸਾ ਦਾ ਕਰੋਧ ਅੱਤ ਭੜਕ ਉੱਠਿਆ ਅਰ ਉਸ ਨੇ ਫੱਟੀਆਂ ਆਪਣੇ ਹੱਥਾਂ ਤੋਂ ਸੁੱਟ ਦਿੱਤੀਆਂ ਅਤੇ ਪਹਾੜ ਦੇ ਹੇਠ ਉਨ੍ਹਾਂ ਨੂੰ ਭੰਨ ਸੁੱਟਿਆ। [20]ਅਤੇ ਉਸ ਬੱਛੇ ਨੂੰ ਜਿਹੜਾ ਉਨ੍ਹਾਂ ਨੇ ਬਣਾਇਆ ਸੀ ਲੈ ਕੇ ਅੱਗ ਵਿੱਚ ਸਾੜ ਸੁੱਟਿਆ ਅਤੇ ਪੀਹ ਕੇ ਉਸ ਦਾ ਪੀਪਾ ਕਰ ਦਿੱਤਾ ਤੇ ਪਾਣੀ ਉੱਤੇ ਖਿਲਾਰ ਦਿੱਤਾ ਅਰ ਇਸਰਾਏਲੀਆਂ ਨੂੰ ਪਿਲਾ ਛੱਡਿਆ। [21]ਤਾਂ ਮੂਸਾ ਨੇ ਹਾਰੂਨ ਨੂੰ ਆਖਿਆ, ਤੈਨੂੰ ਇਨ੍ਹਾਂ ਲੋਕਾਂ ਨੇ ਕੀ ਕਰ ਦਿੱਤਾ ਜੋ ਤੂੰ ਉਨ੍ਹਾਂ ਉੱਤੇ ਵੱਡਾ ਪਾਪ ਲਿਆਇਆ? [22]ਅੱਗੋਂ ਹਾਰੂਨ ਨੇ ਆਖਿਆ, ਮੇਰੇ ਸਵਾਮੀ ਦਾ ਕਰੋਧ ਨਾ ਭੜਕੇ। ਤੂੰ ਲੋਕਾਂ ਨੂੰ ਜਾਣਦਾ ਹੈਂ ਭਈ ਓਹ ਬੁਰਿਆਈ ਉੱਤੇ ਤਿਆਰ ਹਨ। [23]ਕਿਉਂ ਜੋ ਉਨ੍ਹਾਂ ਨੇ ਮੈਨੂੰ ਆਖਿਆ, ਸਾਡੇ ਲਈ ਦੇਵਤੇ ਬਣਾ ਜਿਹੜੇ ਸਾਡੇ ਅੱਗੇ ਚੱਲਣ ਕਿਉਂ ਜੋ ਏਹ ਮਰਦ ਮੂਸਾ ਜਿਹੜਾ ਸਾਨੂੰ ਮਿਸਰ ਦੇਸ ਤੋਂ ਉਤਾਹਾਂ ਲੈ ਆਇਆ ਅਸੀਂ ਜਾਣਦੇ ਕਿ ਉਹ ਨੂੰ ਕੀ ਹੋਇਆ। [24]ਤਾਂ ਮੈਂ ਉਨ੍ਹਾਂ ਨੂੰ ਆਖਿਆ, ਜਿਨ੍ਹਾਂ ਕੋਲ ਸੋਨਾ ਹੈ ਓਹ ਭੰਨਣ ਤੋੜਨ ਤਾਂ ਉਨ੍ਹਾਂ ਨੇ ਮੈਨੂੰ ਦਿੱਤਾ ਅਰ ਮੈਂ ਉਸ ਨੂੰ ਅੱਗ ਵਿੱਚ ਸੁੱਟ ਦਿੱਤਾ ਅਤੇ ਏਹ ਬੱਛਾ ਨਿੱਕਲ ਆਇਆ।**

**ਆਇਤ 15.** ਇਹ **ਦੋ ਫੱਟੀਆਂ ਸਾਖੀ ਦੀਆਂ ਦੋ ਫੱਟੀਆਂ** ਸਨ (ਵੇਖੋ 31:18)। "ਸਾਖੀ" ਦੇ ਰੂਪ ਵਿਚ ਕਾਨੂਨ ਦਾ ਵਿਚਾਰ ਇਸ ਗੱਲ ਦਾ ਸੁਝਾਅ ਦਿੰਦਾ ਹੈ ਕਿ ਕਾਨੂਨ ਪਰਮੇਸ਼ੁਰ ਦੀ ਇੱਛਾ ਦੀ ਸਾਖੀ ਦਿੰਦੇ ਸਨ ਅਤੇ ਜੇਕਰ ਕਾਨੂਨ ਤੋੜ ਦਿੱਤੇ ਜਾਂਦੇ ਸਨ, ਤਾਂ ਉਨ੍ਹਾਂ ਲੋਕਾਂ ਦੇ ਵਿਰੋਧ ਵਿਚ ਸਾਖੀ ਹੁੰਦੇ ਸਨ ਜਿਨ੍ਹਾਂ ਨੇ ਪਰਮੇਸ਼ੁਰ ਦੀ ਇੱਛਾ ਨੂੰ ਰੱਦਿਆ ਸੀ। ਆਮ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ ਫੱਟੀਆਂ ਤੇ ਸਿਰਫ ਦਸ ਹੁਕਮ ਹੁੰਦੇ ਹਨ। ਅੱਜ ਦੀਆਂ ਪ੍ਰਦਰਸ਼ਣ ਸੰਬੰਧੀ ਵਰਣਨ ਦੇ ਉਲਟ, ਇਹ ਫੱਟੀਆਂ **ਇੱਕ ਪਾਸਿਓਂ ਅਤੇ ਦੂਜੇ ਪਾਸਿਓਂ ਵੀ ਲਿਖੀਆਂ ਹੋਈਆਂ ਸਨ।**

**ਆਇਤ 16.** ਕਿਉਂਕਿ **ਫੱਟੀਆਂ ਪਰਮੇਸ਼ੁਰ ਦਾ ਕੰਮ ਸੀ ਅਤੇ ਉਨ੍ਹਾਂ ਦੀ ਲਿਖਤ ਪਰਮੇਸ਼ੁਰ ਦੀ ਲਿਖਤ ਸੀ ਜਿਹੜੀ ਫੱਟੀਆਂ ਉੱਤੇ ਉੱਕਰੀ ਹੋਈ ਸੀ,** ਲੋਕ ਬਿਨਾਂ ਸਜ਼ਾ ਤੋਂ ਉਸ ਦੇ ਹੁਕਮਾਂ ਨੂੰ ਨਹੀਂ ਤੋੜ ਸਕਦੇ ਸਨ। ਜਿਵੇਂ ਜੌਨ ਆਈ. ਡਰਹਮ ਨੇ ਉਲੇਖ ਕੀਤਾ ਹੈ, ਕਿ ਇਸ ਬਿਆਨ ਦਾ ਇਰਾਦਾ "ਪਰਮੇਸ਼ੁਰ ਨੂੰ ਹੁਕਮਾਂ ਦੇ ਸਰੋਤ ਦੇ ਰੂਪ ਵਿਚ ਅਤੇ ਇਸ ਕਾਰਣ ਉਨ੍ਹਾਂ ਦੇ ਪਿੱਛੇ ਦੇ ਅਧਿਕਾਰ ਦੇ ਰੂਪ ਵਿਚ ਪਰਮੇਸ਼ੁਰ ਦੀ ਪੁਸ਼ਟੀ ਕਰਨਾ ਹੈ।"[16] ਲਿਖਤ ਵਿਚ ਫੱਟੀਆਂ ਦੇ ਬਣਾਏ ਜਾਣ ਵਿਚ ਪਰਮੇਸ਼ੁਰ ਦੇ ਹਿੱਸੇ ਤੇ ਜ਼ੋਰ ਦਿੱਤਾ ਗਿਆ ਹੈ, ਜੋ ਉਸ ਦੀ ਆਪਣੀ "ਉਂਗਲੀ" ਨਾਲ ਲਿਖੀਆਂ ਗਈਆਂ ਸਨ (31:18)।

**ਆਇਤ 17. ਯਹੋਸ਼ੁਆ** ਪਹਾੜ ਤੇ ਚੜ੍ਹ ਗਿਆ ਸੀ ਅਤੇ ਉੱਥੇ ਮੂਸਾ ਦੇ ਵਾਪਸ ਮੁੜ ਆਉਣ ਦਾ ਇੰਤਜ਼ਾਰ ਕਰ ਰਿਹਾ ਸੀ। ਜਦੋਂ ਮੂਸਾ ਪਹਾੜ ਦੀ ਟੀਸੀ ਤੋਂ ਹੇਠਾਂ ਆਇਆ, ਯਹੋਸ਼ੁਆ ਨੇ **ਡੇਰੇ** ਤੋਂ ਆਉਣ ਵਾਲੀ ਅਵਾਜ਼ ਨੂੰ **ਲੜਾਈ ਦੀ ਅਵਾਜ਼** ਦੇ ਰੂਪ ਵਿਚ ਸੁਣਿਆ - ਇੱਕ ਅਜਿਹੀ ਅਵਾਜ਼ ਜਿਸ ਦੇ ਲਈ ਕਮਾਂਡਰ-ਇਨ-ਚੀਫ਼, ਮੂਸਾ ਨੂੰ ਵਾਪਸ ਆਉਣ ਦੀ ਲੋੜ ਹੋਵੇਗੀ।

**ਆਇਤ 18.** ਪਰ, ਮੂਸਾ, ਇਹ ਜਾਣਦੇ ਹੋਏ ਕਿ ਪਰਮੇਸ਼ੁਰ ਨੇ ਉਸ ਨੂੰ ਕੀ ਕਿਹਾ ਸੀ, ਉਹ ਅਨੰਦ ਦੀ ਦਾਅਵਤ ਦੇ ਰੂਪ ਵਿਚ **ਅਵਾਜ਼** ਦੀ ਹੋਰ ਸਟੀਕ ਵਿਆਖਿਆ ਕਰਨ ਦੇ ਯੋਗ ਸੀ। NASB ਇਸ ਆਇਤ ਨੂੰ ਕਵਿਤਾ ਦੇ ਰੂਪ ਵਿਚ ਛਾਪਦਾ ਹੈ, 15:1-18 ਦੇ ਕਾਵਿ ਹਵਾਲਿਆਂ ਦੇ ਵਾਂਗ।

**ਆਇਤ 19.** ਇਸ ਤੋਂ ਪਹਿਲਾਂ ਕਹਾਣੀ ਵਿਚ, ਪਰਮੇਸ਼ੁਰ ਦੇ ਕ੍ਰੋਧ ਤੇ ਜ਼ੋਰ ਦਿੱਤਾ ਗਿਆ ਹੈ

(32:10)। ਮੂਸਾ ਨੇ ਪਰਮੇਸ਼ੁਰ ਦੇ ਅੱਗੇ ਬੇਨਤੀ ਕੀਤੀ ਕਿ ਉਹ ਆਪਣੇ ਕ੍ਰੋਧ ਵਿਚ ਲੋਕਾਂ ਨੂੰ ਨਾਸ ਨਾ ਕਰੇ। ਮੂਸਾ ਦੀ ਵਿਚੋਲਗੀ ਦੇ ਕਾਰਣ, ਪਾਠਕ ਨੂੰ ਇਸ ਗੱਲ ਦਾ ਅਹਿਸਾਸ ਹੋ ਸਕਦਾ ਹੈ ਕਿ ਮੂਸਾ, ਵਿਚੋਲਾ, ਇੰਨਾ ਦਿਆਲੂ ਸੀ ਕਿ ਉਹ ਲੋਕਾਂ ਦੇ ਪਾਪ ਨੂੰ ਨਜ਼ਰਅੰਦਾਜ਼ ਕਰਨ ਦੇ ਲਈ ਤਿਆਰ ਸੀ। ਪਰ, ਅਜਿਹਾ ਵਿਚਾਰ, ਮੂਸਾ ਦੀ ਸਥਿਤੀ ਨੂੰ ਗਲਤ ਤਰੀਕੇ ਦੇ ਨਾਲ ਪੇਸ਼ ਕਰੇਗਾ। ਉਸ ਨੇ ਇਹ ਨਹੀਂ ਮੰਗਿਆ ਕਿ ਉਨ੍ਹਾਂ ਨੇ ਜੋ ਕੁੱਝ ਕੀਤਾ ਹੈ ਉਸ ਦੀ ਸਜ਼ਾ ਉਨ੍ਹਾਂ ਨੂੰ ਨਾ ਦਿੱਤੀ ਜਾਵੇ। ਇਸ ਦੀ ਬਜਾਇ, ਉਸ ਦਾ ਉਦੇਸ਼ ਪਰਮੇਸ਼ੁਰ ਦੇ ਗੁੱਸੇ ਨੂੰ ਰੋਕਣਾ ਸੀ, ਤਾਂ ਕਿ ਉਹ ਆਪਣੇ ਛੁਡਾਏ ਹੋਏ ਲੋਕਾਂ ਨੂੰ ਪੂਰੀ ਤਰ੍ਹਾਂ ਦੇ ਨਾਲ ਤਬਾਹ ਨਾ ਕਰ ਸਕੇ।

ਜਦੋਂ ਮੂਸਾ **ਪਹਾੜ ਦੇ ਹੇਠ** ਪਹੁੰਚਿਆ, ਤਾਂ ਉਸ ਨੇ ਲੋਕਾਂ ਦੁਆਰਾ ਪਰਮੇਸ਼ੁਰ ਨੂੰ ਤੱਜਣ ਨੂੰ ਪੂਰੀ ਤਰ੍ਹਾਂ ਨਾਲ ਵੇਖਿਆ। ਉਸ ਦੀ ਪ੍ਰਤੀਕਿਰਿਆ ਨੇ ਪਰਮੇਸ਼ੁਰ ਨੂੰ ਪ੍ਰਤਿਬਿੰਬਤ ਕੀਤਾ (32:10); ਮੂਸਾ ਗੁੱਸਾ ਹੋ ਗਿਆ। ਉਸ ਨੇ **ਫੱਟੀਆਂ** ਨੂੰ ਹੇਠਾਂ **ਸੁੱਟ** ਦਿੱਤਾ, ਜਿਨ੍ਹਾਂ ਤੇ ਨੇਮ ਦੇ ਕਾਨੂਨ ਲਿਖੇ ਹੋਏ ਸਨ। ਨਤੀਜੇ ਵਜੋਂ, ਫੱਟੀਆਂ **ਭੰ** (ਨੀਆਂ) ਗਈਆਂ, ਇਹ ਸੰਕੇਤ ਦਿੰਦੇ ਹੋਏ ਕਿ ਨੇਮ ਤੋੜ ਦਿੱਤਾ ਗਿਆ ਸੀ।[17]

**ਆਇਤ 20.** ਇਸ ਤੋਂ ਬਾਅਦ, ਮੂਸਾ ਨੇ **ਬੱਛੇ ਨੂੰ ਲੈ ਕੇ ਅੱਗ ਵਿੱਚ ਸਾੜ ਸੁੱਟਿਆ।** ਫਿਰ ਉਸ ਨੇ **ਪੀਹ ਕੇ ਉਸ ਦਾ ਪੀਪਾ ਕਰ ਦਿੱਤਾ**, **ਪਾਣੀ** ਵਿਚ ਮਿਲਾ ਦਿੱਤਾ, ਅਤੇ ਲੋਕਾਂ ਨੂੰ **ਪਿਲਾ ਛੱਡਿਆ।** ਇਹ ਦਰਸਾ ਸੱਕਦਾ ਹੈ ਕਿ ਉਨ੍ਹਾਂ ਦੇ ਪਾਪ ਸਾਂਝੇ ਕੀਤੇ ਗਏ ਹਨ; ਪਾਣੀ ਵਿਚ ਹਿੱਸਾ ਲੈਣ ਵਾਲੇ ਸਾਰੇ ਲੋਕ ਮੂਰਤੀਪੂਜਾ ਦੇ ਦੋਸ਼ੀ ਸਨ। ਕਈ ਟੀਕਾਕਾਰਾਂ ਨੇ ਇਸ ਕੰਮ ਨੂੰ ਗਿਣਤੀ 5:11-31 ਦੇ "ਕੁੜੱਤਣ ਦਾ [ਦੇ] ਜਲ" ਨਾਲ ਜੋੜਿਆ ਹੈ। ਉੱਥੇ ਇੱਕ ਤੀਵੀਂ ਨੂੰ ਜਿਸ ਦੇ ਉੱਤੇ ਵਿਭਚਾਰ ਦਾ ਦੋਸ਼ ਲਗਾਇਆ ਗਿਆ ਸੀ ਤੰਬੂ ਦੇ ਫਰਸ਼ ਦੀ ਧੂੜ ਮਿਲਾਇਆ ਹੋਇਆ ਪਾਣੀ ਪੀਣ ਦੇ ਲਈ ਮਜ਼ਬੂਰ ਕੀਤਾ ਜਾਂਦਾ ਸੀ। ਜੇਕਰ ਉਹ ਵਿਭਚਾਰ ਦੀ ਦੋਸ਼ੀ ਹੁੰਦੀ, ਤਾਂ ਪੀਣ ਵਾਲਾ ਜਲ ਉਸ ਦੇ ਪਾਪ ਨੂੰ ਪਰਗਟ ਕਰ ਦਿੰਦਾ ਸੀ। ਉਸ ਰਿਵਾਜ਼ ਅਤੇ ਇਸਰਾਏਲ ਦੇ ਦੁਆਰਾ ਪਾਣੀ ਪੀਤੇ ਜਾਣ ਦੇ ਵਿਚਕਾਰ ਇੱਕ ਸਮਾਨਤਾ ਸ਼ਾਮਲ ਹੈ ਕਿ ਇਸਰਾਏਲ ਆਤਮਿਕ ਵਿਭਚਾਰ ਦਾ ਦੋਸ਼ੀ ਸੀ ਕਿਉਂਕਿ ਉਸ ਨੇ ਸੋਨੇ ਦੇ ਬੱਛੇ ਦੀ ਪੂਜਾ ਕੀਤੀ ਸੀ।[18]

**ਆਇਤ 21. ਮੂਸਾ** ਨੇ ਲੋਕਾਂ ਦੇ ਵਿਦਰੋਹ ਦੇ ਵਿਸ਼ੇ ਵਿਚ **ਹਾਰੂਨ** ਦਾ ਵੀ ਸਾਹਮਣਾ ਕੀਤਾ। ਪਹਿਲਾਂ, ਬੱਛਾ ਬਣਾਉਣ ਦੇ ਲਈ ਲੋਕਾਂ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਸੀ; ਇਸ ਆਇਤ ਵਿਚ ਮੂਸਾ ਨੇ ਹਾਰੂਨ ਉੱਤੇ **ਲੋਕਾਂ** ਤੇ **ਵੱਡਾ ਪਾਪ ਲਿਆਉਣ** ਦਾ ਦੋਸ਼ ਲਾਇਆ। ਜਾਹਿਰ ਤੌਰ ਤੇ, ਮਾਮਲੇ ਵਿਚ ਸ਼ਾਮਲ ਸਾਰੇ ਲੋਕ ਦੋਸ਼ੀ ਸਨ। ਹਾਰੂਨ ਨੂੰ ਚਾਹੀਦਾ ਸੀ ਕਿ ਉਹ ਲੋਕਾਂ ਦੀ ਬੇਨਤੀ ਨੂੰ ਠੁਕਰਾ ਕੇ ਯਹੋਵਾਹ ਲਈ ਮਜ਼ਬੂਤ ਹੋਣਾ ਚਾਹੀਦਾ ਸੀ। ਗਲਤ ਕੰਮ ਕਰਨ ਵਿਚ ਆਪਣੇ ਦ੍ਰਿੜ ਸੰਕਲਪ ਨੂੰ ਦੇਣ ਦੀ ਬਜਾਇ, ਉਸ ਨੂੰ ਚਾਹੀਦਾ ਸੀ ਕਿ ਸਹੀ ਕੰਮ ਕਰਨ ਵਿਚ ਉਨ੍ਹਾਂ ਦੀ ਅਗਵਾਈ ਕਰਦਾ। ਆਇਤ 25 ਕਹਿੰਦੀ ਹੈ ਕਿ ਹਾਰੂਨ ਨੇ ਲੋਕਾਂ ਨੂੰ "ਬੇ ਲਗਾਮ" ਹੋਣ ਦਿੱਤਾ।

**ਆਇਤ 22. ਹਾਰੂਨ** ਨੇ ਮੂਰਤੀ ਦੀ ਹੋਂਦ ਦੇ ਲਈ **ਲੋਕਾਂ ਨੂੰ** ਦੋਸ਼ੀ ਠਹਿਰਾਇਆ। ਉਸ ਨੇ ਮੂਸਾ ਨੂੰ ਯਾਦ ਦਿਵਾਇਆ ਕਿ ਇਸਰਾਏਲੀ **ਬੁਰਿਆਈ ਕਰਨ ਲਈ ਤਿਆਰ** ਸਨ। ਮੂਸਾ ਨੇ ਨਿਸ਼ਚਤ ਤੌਰ ਤੇ ਕਾਫੀ ਸਮਾਂ ਉਨ੍ਹਾਂ ਦੇ ਕੁੜਕੁੜਾਉਣ ਅਤੇ ਸ਼ਿਕਾਇਤ ਕਰਨ ਦਾ ਅਨੁਭਵ ਕੀਤਾ ਸੀ ਕਿ ਉਹ ਬੇਵਫ਼ਾਈ ਵੱਲ ਝੁਕੇ ਹੋਏ ਸਨ।

**ਆਇਤਾਂ 23, 24.** ਘਟਨਾ ਦਾ ਹਾਰੂਨ ਦਾ ਬਿਰਤਾਂਤ ਜਦੋਂ **ਬੱਛਾ** ਬਣਾਇਆ ਗਿਆ ਸੀ ਇੱਕ ਬਿੰਦੂ ਤੱਕ ਤੱਥਪੂਰਣ ਸੀ। ਹਾਰੂਨ ਨੇ ਸਹੀ ਤਰੀਕੇ ਨਾਲ ਮੰਨਿਆ ਕਿ ਉਹ ਉਨ੍ਹਾਂ ਦਾ ਸੋਨਾ ਲੈਣ ਅਤੇ ਉਸ ਨੂੰ **ਅੱਗ ਵਿੱਚ ਸੁੱਟ** ਦੇਣ ਵਿਚ ਉਨ੍ਹਾਂ ਦੇ ਨਾਲ ਸਾਂਝੀ ਸੀ, ਪਰ ਫਿਰ ਉਸ ਨੇ ਦਾਅਵਾ ਕੀਤਾ ਕਿ ਬੱਛਾ ਸਿਰਫ ਰਹੱਸਮਈ ਤਰੀਕੇ ਨਾਲ ਉਭਰਿਆ ਸੀ। ਇਸ ਗੱਲ ਦਾ ਦਾਅਵਾ ਕਿ ਬੱਛਾ

ਪੂਰੀ ਤਰ੍ਹਾਂ ਨਾਲ ਤਿਆਰ ਹੋ ਕੇ ਅੱਗ ਵਿਚੋਂ ਨਿਕਲਿਆ ਸੀ ਬਹੁਤ ਹੀ ਬੇਹੂਦਾ ਅਤੇ ਹਾਸੋ-ਹੀਣਾ ਹੈ।

ਨਾ ਹੀ ਮੂਸਾ ਦੀ ਪ੍ਰਤੀਕਿਰਿਆ ਨਾ ਹੀ ਪਰਮੇਸ਼ੁਰ ਦੀ ਪ੍ਰਤੀਕਿਰਿਆ ਕੂਚ ਦੀ ਕਿਤਾਬ ਵਿਚ ਦਰਜ ਹੈ। ਪਰ, ਬਿਵਸਥਾ ਸਾਰ 9:20 ਕਹਿੰਦੀ ਹੈ ਕਿ ਪਰਮੇਸ਼ੁਰ ਹਾਰੂਨ ਤੇ ਇੰਨਾ ਕ੍ਰੋਧਿਤ ਸੀ ਕਿ, ਜੇਕਰ ਮੂਸਾ ਦਖਲਅੰਦਾਜ਼ੀ ਨਾ ਕਰਦਾ, ਤਾਂ ਉਸ ਨੇ ਉਸ ਨੂੰ ਮਾਰ ਦੇਣਾ ਸੀ। ਇਸ ਲਈ, ਹਾਰੂਨ ਦਾ ਜੀਵਨ ਮੂਰਤੀਪੂਜਕਾਂ ਦੇ ਕਤਲੇਆਮ ਦੇ ਵਿਚ ਬਚਾ ਕੇ ਰੱਖਿਆ ਗਿਆ ਸੀ।

**ਲੇਵੀਆਂ ਦਾ ਤਿੰਨ ਹਜ਼ਾਰ ਲੋਕਾਂ ਨੂੰ ਵੱਢਣਾ (32:25-29)**

**[25]ਜਾਂ ਮੂਸਾ ਨੇ ਲੋਕਾਂ ਨੂੰ ਡਿੱਠਾ ਭਈ ਓਹ ਬੇ ਲਗਾਮ ਹਨ ਕਿਉਂ ਜੋ ਹਾਰੂਨ ਨੇ ਉਨ੍ਹਾਂ ਦੇ ਵੈਰੀਆਂ ਦੇ ਸਾਹਮਣੇ ਉਨ੍ਹਾਂ ਦਾ ਮਖ਼ੌਲ ਉਡਾਉਣ ਲਈ ਉਨ੍ਹਾਂ ਨੂੰ ਬੇ ਲਗਾਮ ਕੀਤਾ। [26]ਤਾਂ ਮੂਸਾ ਨੇ ਡੇਰੇ ਦੇ ਫਾਟਕ ਕੋਲ ਖਲੋ ਕੇ ਆਖਿਆ, ਜਿਹੜਾ ਯਹੋਵਾਹ ਦੇ ਪਾਸੇ ਵੱਲ ਹੈ ਉਹ ਮੇਰੇ ਕੋਲ ਆਵੇ ਤਾਂ ਸਾਰੇ ਲੇਵੀਆਂ ਨੇ ਆਪਣੇ ਆਪ ਨੂੰ ਉਸ ਦੇ ਕੋਲ ਇਕੱਠਾ ਕਰ ਲਿਆ। [27]ਉਸ ਨੇ ਉਨ੍ਹਾਂ ਨੂੰ ਆਖਿਆ, ਯਹੋਵਾਹ ਇਸਰਾਏਲ ਦਾ ਪਰਮੇਸ਼ੁਰ ਐਉਂ ਫ਼ਰਮਾਉਂਦਾ ਹੈ ਕਿ ਸਭ ਮਨੁੱਖ ਆਪਣੀਆਂ ਤੇਗਾਂ ਲੱਕ ਨਾਲ ਬੰਨ੍ਹ ਕੇ ਡੇਰੇ ਦੇ ਵਿੱਚ ਦੀ ਫਾਟਕ ਤੋਂ ਫਾਟਕ ਤੀਕ ਆਉਂਦੇ ਜਾਂਦੇ ਆਪਣੇ ਭਰਾ ਆਪਣੇ ਸਾਥੀ ਅਤੇ ਆਪਣੇ ਗੁਆਂਢੀ ਨੂੰ ਵੱਢ ਸੁੱਟਣ। [28]ਤਾਂ ਲੇਵੀਆਂ ਨੇ ਮੂਸਾ ਦੇ ਬੋਲ ਅਨੁਸਾਰ ਕੀਤਾ ਅਰ ਉਸ ਦਿਨ ਲੋਕਾਂ ਵਿੱਚੋਂ ਤਿੰਨ ਹਜਾਰ ਮਨੁੱਖ ਡਿੱਗੇ। [29]ਮੂਸਾ ਆਖਿਆ, ਅੱਜ ਤੁਸੀਂ ਆਪਣੇ ਆਪ ਨੂੰ ਯਹੋਵਾਹ ਲਈ ਅਰਪਣ ਕਰੋ। ਹਾਂ, ਹਰ ਇੱਕ ਮਨੁੱਖ ਆਪਣੇ ਪੁੱਤ੍ਰ ਅਤੇ ਆਪਣੇ ਭਰਾ ਦੇ ਵਿਰੁੱਧ ਹੋਵੇ ਤਾਂ ਜੋ ਉਹ ਅੱਜ ਤੁਹਾਨੂੰ ਬਰਕਤ ਦੇਵੇ।**

ਲੋਕਾਂ ਦੇ ਪਾਪਾਂ ਦੀ ਸਜ਼ਾ ਪਹਿਲਾਂ ਤੋਂ ਹੀ ਸ਼ੁਰੂ ਹੋ ਚੁੱਕੀ ਸੀ। ਉਨ੍ਹਾਂ ਨੇ ਫੱਟੀਆਂ ਨੂੰ ਟੁੱਟਾ ਹੋਇਆ ਵੇਖਿਆ ਸੀ, ਅਤੇ ਉਨ੍ਹਾਂ ਨੇ ਉਹ ਪਾਣੀ ਪੀਤਾ ਸੀ ਜੋ ਉਨ੍ਹਾਂ ਦੀ ਮੂਰਤੀਪੂਜਾ ਦੀ ਵਸਤੂ ਨਾਲ ਕੌੜਾ ਕੀਤਾ ਗਿਆ ਸੀ। ਹੁਣ ਸਜ਼ਾ ਹੋਰ ਵੀ ਖਤਰਨਾਕ ਹੋ ਗਈ ਸੀ; ਉਨ੍ਹਾਂ ਨੇ ਸਭ ਤੋਂ ਪਹਿਲਾਂ ਸਿੱਖਿਆ ਕਿ "ਪਾਪ ਦੀ ਮਜ਼ਦੂਰੀ ਮੌਤ ਹੈ" (ਰੋਮੀਆਂ 6:23) ਅਤੇ ਮੂਰਤੀਪੂਜਾ ਇੱਕ ਵੱਡਾ ਅਪਰਾਧ ਸੀ।

**ਆਇਤ 25.** ਮੂਸਾ ਨੇ ਆਪਣੀ ਗ਼ੈਰ-ਹਾਜ਼ਰੀ ਵਿਚ **ਹਾਰੂਨ** ਅਤੇ ਹੂਰ ਨੂੰ ਡੇਰੇ ਦਾ ਇੰਚਾਰਜ ਬਣਾ ਦਿੱਤਾ ਸੀ (24:14)। ਇਹ ਤੱਥ ਕਿ ਹਾਰੂਨ ਆਗੂ ਹੋਣ ਦੇ ਨਾਤੇ ਆਪਣੀ ਜ਼ਿੰਮੇਵਾਰੀ ਵਿਚ ਅਸਫਲ ਹੋ ਗਿਆ ਸੀ ਪਹਿਲਾਂ ਤੋਂ ਹੀ ਨੋਟ ਕੀਤਾ ਗਿਆ ਸੀ (32:21-24)। ਹੁਣ ਹਾਰੂਨ ਦੀ ਅਸਫਲਤਾ ਇਸ ਬਿਆਨ ਨਾਲ ਰੇਖਾਂਕਿਤ ਕੀਤੀ ਗਈ ਹੈ ਕਿ ਉਸ ਨੇ **ਉਨ੍ਹਾਂ ਨੂੰ ਬੇ ਲਗਾਮ ਕੀਤਾ।** ਆਪਣੀ ਐਸ਼ੋ-ਇਸ਼ਰਤ ਦੇ ਕਾਰਣ, ਇਸਰਾਏਲੀ **ਉਨ੍ਹਾਂ ਦੇ ਵੈਰੀਆਂ ਦੇ ਸਾਹਮਣੇ ਉਨ੍ਹਾਂ ਦਾ ਮਖ਼ੌਲ ਉਡਾਉਣ** ਦਾ ਕਾਰਣ ਬਣ ਗਏ ਸਨ (ਵੇਖੋ 32:12; ਬਿਵਸਥਾ ਸਾਰ 28:37)। ਦੁਰਲੱਭ ਸ਼ਬਦ "ਮਖ਼ੌਲ" (ਨ੍ਰਖ਼ੁਖ਼, *ਸ਼ਿੰਮਸ਼ਾ)* ਬੁਰੀ ਭਾਵਨਾ ਨਾਲ ਕਾਨਾਫੂਸੀ ਦਾ ਵਿਚਾਰ ਦਿੰਦਾ ਹੈ।

**ਆਇਤ 26.** ਮੂਸਾ ਨੇ ਸਾਰੇ ਇਸਰਾਏਲੀਆਂ ਨੂੰ ਪਰਮੇਸ਼ੁਰ ਦੇ ਸਾਹਮਣੇ ਖੜ੍ਹੇ ਹੋਣ ਦਾ ਮੌਕਾ ਦਿੱਤਾ: **ਜਿਹੜਾ ਯਹੋਵਾਹ ਦੇ ਪਾਸੇ ਵੱਲ ਹੈ ਉਹ ਮੇਰੇ ਕੋਲ ਆਵੇ।** ਸਿਰਫ ਲੇਵੀਆਂ ਨੇ ਜਵਾਬ ਦਿੱਤਾ।

**ਆਇਤਾਂ 27, 28.** ਇਸ ਗੱਲ ਦਾ ਕੋਈ ਸੰਕੇਤ ਨਹੀਂ ਮਿਲਦਾ ਕਿ ਲੇਵੀ ਸਮਝ ਗਏ ਸਨ ਕਿ ਉਨ੍ਹਾਂ ਨੂੰ ਕੀ ਕਰਨ ਦੇ ਲਈ ਕਿਹਾ ਜਾਵੇਗਾ; ਪਰ ਜਦੋਂ ਉਨ੍ਹਾਂ ਨੂੰ ਕਿਹਾ ਗਿਆ, ਤਾਂ ਉਨ੍ਹਾਂ ਨੇ ਆਗਿਆਕਾਰੀ ਕੀਤੀ। ਉਹ ਆਪਣੇ ਕਰੀਬੀ ਸੰਸਾਰੀ ਰਿਸ਼ਤੇਦਾਰਾਂ ਦੀ ਪਰਵਾਹ ਨਾ ਕਰਦੇ ਹੋਏ,

**ਤੇਗਾਂ** (ਤੇਗ) ਨਾਲ ਦੂਸਰਿਆਂ ਨੂੰ - ਭਾਵੇਂ **ਭਰਾ** ਹੋਵੇ, **ਸਾਥੀ** ਹੋਵੇ, ਜਾਂ **ਗਵਾਂਢੀ ਹੋਵੇ** ਮਾਰਦੇ ਹੋਏ ਡੇਰੇ ਦੇ ਵਿਚ ਗਏ। **ਤਿੰਨ ਹਜਾਰ ਮਨੁੱਖ** ਮਾਰ ਦਿੱਤੇ ਗਏ ਸਨ। ਜਦਕਿ ਇਹ ਸੰਭਵ ਹੈ ਕਿ ਇਹ ਸਿਰਫ ਉਹ ਲੋਕ ਸਨ ਜੋ ਸੋਨੇ ਦੇ ਬੱਛੇ ਦੀ ਪੂਜਾ ਵਿਚ ਸ਼ਾਮਲ ਸਨ, ਇਹ ਸੰਭਾਵਨਾ ਹੋਰ ਵਧੇਰੇ ਹੈ ਕਿ ਇਹ ਪਰਮੇਸ਼ੁਰ ਨੂੰ ਤੱਜਣ ਵਾਲੇ ਲੋਕਾਂ ਦੇ ਆਗੂ ਸਨ।

**ਆਇਤ 29.** ਸਜ਼ਾ ਪੂਰੀ ਹੋ ਜਾਣ ਤੋਂ ਬਾਅਦ, ਮੂਸਾ ਨੇ ਲੇਵੀਆਂ ਨੂੰ ਹੁਕਮ ਦਿੱਤਾ ਕਿ ਤੁਸੀਂ **ਆਪਣੇ ਆਪ ਨੂੰ ਯਹੋਵਾਹ ਲਈ ਅਰਪਣ ਕਰੋ।** ਇਹ ਫ਼ੈਸਲਾ ਕਿ ਪ੍ਰਭੂ ਦੇ ਲਈ ਸਮਰਪਿਤ ਹੋ ਜਾਣ ਲੇਵੀਆਂ ਨੂੰ ਪਵਿੱਤਰ ਕੀਤੇ ਜਾਣ ਦੇ ਯੋਗ ਬਣਾਉਂਦਾ ਹੈ। ਇਸ ਚੋਣ ਦੇ ਕਾਰਣ, ਉਹ ਜਾਜਕਾਂ ਦਾ ਗੋਤ ਬਣ ਗਏ ਅਤੇ ਪਰਮੇਸ਼ੁਰ ਕੋਲੋਂ ਵਿਸ਼ੇਸ਼ ਤੌਰ ਤੇ ਬਰਕਤ ਪਾ ਗਏ।

### ਮਾਫ਼ੀ ਅਤੇ ਸਜ਼ਾ (32:30-35)

**[30]ਅਗਲੇ ਦਿਨ ਐਉਂ ਹੋਇਆ ਕਿ ਮੂਸਾ ਨੇ ਲੋਕਾਂ ਨੂੰ ਆਖਿਆ, ਤੁਸਾਂ ਵੱਡਾ ਪਾਪ ਕੀਤਾ ਅਤੇ**
**ਮੈਂ ਹੁਣ ਯਹੋਵਾਹ ਦੇ ਕੋਲ ਉਤਾਹਾਂ ਜਾਂਦਾ ਹਾਂ। ਸ਼ਾਇਤ ਮੈਂ ਤੁਹਾਡੇ ਪਾਪ ਦਾ ਪਰਾਸਚਿਤ ਕਰਾਂ।**
**[31]ਸੋ ਮੂਸਾ ਯਹੋਵਾਹ ਦੇ ਕੋਲ ਮੁੜ ਗਿਆ ਅਤੇ ਆਖਿਆ, ਹਾਏ ਇਨ੍ਹਾਂ ਲੋਕਾਂ ਨੇ ਵੱਡਾ ਪਾਪ ਕੀਤਾ**
**ਜੋ ਆਪਣੇ ਲਈ ਸੋਨੇ ਦੇ ਦੇਵਤੇ ਬਣਾਏ। [32]ਹੁਣ ਤੂੰ ਉਨ੍ਹਾਂ ਦਾ ਪਾਪ ਮਾਫ਼ ਕਰੀਂ ਅਰ ਜੇ ਨਹੀਂ ਤਾਂ**
**ਆਪਣੀ ਪੋਥੀ ਵਿੱਚੋਂ ਜਿਹੜੀ ਤੈਂ ਲਿਖੀ ਹੈ ਮੈਨੂੰ ਮਿਟਾ ਸੁੱਟੀਂ। [33]ਤਾਂ ਯਹੋਵਾਹ ਨੇ ਮੂਸਾ ਨੂੰ ਆਖਿਆ,**
**ਜਿਸ ਮੇਰਾ ਪਾਪ ਕੀਤਾ ਮੈਂ ਉਸ ਨੂੰ ਆਪਣੀ ਪੋਥੀ ਵਿੱਚੋਂ ਮਿਟਾ ਸੁੱਟਾਂਗਾ। [34]ਹੁਣ ਜਾਹ ਲੋਕਾਂ ਨੂੰ**
**ਉੱਥੇ ਲੈ ਜਾਹ ਜਿਹ ਦੇ ਲਈ ਮੈਂ ਤੈਨੂੰ ਬੋਲਿਆ ਸੀ ਅਤੇ ਵੇਖ ਮੇਰਾ ਦੂਤ ਤੇਰੇ ਅੱਗੇ ਤੁਰੇਗਾ ਪਰ ਮੈਂ**
**ਆਪਣੇ ਬਦਲੇ ਦੇ ਦਿਨ ਉਨ੍ਹਾਂ ਦੇ ਪਾਪ ਦਾ ਬਦਲਾ ਉਨ੍ਹਾਂ ਤੋਂ ਲਵਾਂਗਾ। [35]ਅਰ ਯਹੋਵਾਹ ਨੇ ਬੱਛਾ**
**ਬਣਾਉਣ ਦੇ ਕਾਰਨ ਜਿਹ ਨੂੰ ਹਾਰੂਨ ਨੇ ਬਣਾਇਆ ਸੀ ਲੋਕਾਂ ਨੂੰ ਮਾਰਿਆ।**

**ਆਇਤ 30.** ਲੋਕਾਂ ਨੂੰ ਨਾਸ ਕਰਨ ਦੇ ਵਿਸ਼ੇ ਵਿਚ ਪਰਮੇਸ਼ੁਰ ਨੇ ਪਹਿਲਾਂ ਤੋਂ ਹੀ ਆਪਣਾ ਵਿਚਾਰ ਬਦਲ ਲਿਆ ਸੀ (32:10, 14)। ਫਿਰ ਵੀ, ਲੋਕਾਂ ਦੇ **ਵੱ**[ਡੇ] **ਪਾਪ** ਦੇ ਲਈ ਹਾਲੇ ਵੀ ਪਰਾਸਚਿਤ ਕਰਨ ਦੀ ਲੋੜ ਸੀ; ਉਨ੍ਹਾਂ ਨੂੰ ਅਜੇ ਵੀ ਮਾਫ਼ ਕੀਤੇ ਜਾਣ ਦੀ ਲੋੜ ਸੀ। **ਮੂਸਾ** ਨੇ ਲੋਕਾਂ ਨੂੰ ਉਨ੍ਹਾਂ ਦੇ ਪਾਪ ਦੇ ਕਾਰਣ ਝਿੜਕਿਆ, ਪਰ ਉਸ ਨੇ ਉਨ੍ਹਾਂ ਦੇ ਲਈ **ਪਰਾਸਚਿਤ** ਕਰਨ ਦੀ ਸਵੈ-ਇੱਛਾ ਪਰਗਟ ਕੀਤੀ। ਅਜਿਹਾ ਕਰਨ ਦੇ ਲਈ, ਉਸ ਨੂੰ ਪਹਾੜ ਦੇ ਉੱਤੇ ਇੱਕ ਹੋਰ ਯਾਤਰਾ ਕਰਨ ਦੀ ਲੋੜ ਸੀ ਤਾਂ ਕਿ ਉਹ **ਯਹੋਵਾਹ** ਦੀ ਹਜ਼ੂਰੀ ਵਿਚ ਫਿਰ ਤੋਂ ਖੜਾ ਹੋ ਸਕੇ।

**ਆਇਤ 31.** ਪ੍ਰਭੂ ਦੇ ਸਾਹਮਣੇ ਮੂਸਾ ਦੀ ਅਪੀਲ ਸਫਲ ਰਹੀ। ਪਰਮੇਸ਼ੁਰ ਦੇ ਸਾਹਮਣੇ ਬਹਾਨੇ ਬਣਾਉਣ ਦੀ ਬਜਾਇ, ਉਸ ਨੇ ਨਿਮਰਤਾ ਦੇ ਨਾਲ ਇਸਰਾਏਲ ਦੀ ਅਸਫਲਤਾ ਨੂੰ ਸਵੀਕਾਰ ਕਰ ਲਿਆ। ਉਸ ਨੇ ਵਿਸਮਕ ਸ਼ਬਦ **ਹਾਏ** ਦੇ ਨਾਲ ਸ਼ੁਰੂ ਕੀਤਾ, ਜੋ ਇੱਕ ਭਾਵੁਕ ਅਪੀਲ ਨੂੰ ਦਰਸਾਉਂਦਾ ਹੈ; ਲੋਕ ਆਪਣੇ ਕੀਤੇ ਤੋਂ ਸੱਚਮੁੱਚ ਪਛਤਾ ਰਹੇ ਸਨ। ਫਿਰ ਮੂਸਾ ਨੇ ਕਿਹਾ ਕਿ ਲੋਕਾਂ ਨੇ **ਵੱਡਾ ਪਾਪ ਕੀਤਾ** ਸੀ। ਜ਼ੋਰਦਾਰ ਇਬਰਾਨੀ ਭਾਵ חֲטָאתֶם חֲטָאָה גְדֹלָה *(ਚਟਾਦੇਮ ਚੇਟਾਹ ਗੇਡੋਲਾਹ)* ਦਾ ਸ਼ਾਬਦਿਕ ਅਨੁਵਾਦ "ਵੱਡਾ ਪਾਪ ਕੀਤਾ" ਕੀਤਾ ਜਾ ਸਕਦਾ ਹੈ (KJV)। ਇਹ ਤੀਸਰੀ ਵਾਰ ਹੈ ਕਿ ਵਾਕ "ਵੱਡਾ ਪਾਪ" ਅਧਿਆਇ ਵਿਚ ਆਉਂਦਾ ਹੈ (32:21, 30, 31)। ਮੂਰਤੀਪੂਜਾ ਦੇ ਦੁਖਦਾਇਕ ਪਾਪ ਨੂੰ ਖਾਸ ਤੌਰ ਤੇ ਨਾਮ ਦਿੱਤਾ ਗਿਆ ਹੈ: **ਜੋ ਆਪਣੇ ਲਈ ਸੋਨੇ ਦੇ ਦੇਵਤੇ ਬਣਾਏ।**

**ਆਇਤ 32.** ਮੂਸਾ ਨੇ ਫਿਰ ਪਰਮੇਸ਼ੁਰ ਨੂੰ ਕਿਹਾ **ਉਨ੍ਹਾਂ ਦਾ ਪਾਪ ਮਾਫ਼ ਕਰੀਂ।** ਪੁਰਾਣੇ ਨੇਮ ਦੇ ਸਮੇਂ ਵਿਚ ਪਰਮੇਸ਼ੁਰ ਦੇ ਛੁਡਾਏ ਹੋਏ ਲੋਕਾਂ ਦਾ ਉਸ ਦੇ ਨਾਲ ਇੱਕ ਰਿਸ਼ਤਾ ਹੁੰਦਾ ਸੀ ਜਿਸ

ਵਿਚ ਮਾਫ਼ੀ ਮੰਗਣ ਦਾ ਮੌਕਾ ਹੁੰਦਾ ਸੀ। ਮਾਫ਼ੀ ਦੀਆਂ ਇਹ ਪ੍ਰਾਰਥਨਾਵਾਂ ਜ਼ਰੂਰੀ ਤੌਰ ਤੇ ਬਲੀਦਾਨ ਦੇ ਵਿਸ਼ੇਸ਼ ਕੰਮਾਂ ਨਾਲ ਹੀ ਜੁੜੀਆਂ ਹੋਈਆਂ ਨਹੀਂ ਸੀ, ਪਰ ਪਰਮੇਸ਼ੁਰ ਦੁਆਰਾ ਉਨ੍ਹਾਂ ਦੇ ਦਿਆਲੂ ਸੁਭਾਅ ਅਤੇ ਪ੍ਰਾਰਥਨਾ ਦੀ ਪੇਸ਼ਕਸ਼ ਦੇ ਨਾਲ ਉਨ੍ਹਾਂ ਦੇ ਰਿਸ਼ਤੇ ਦੇ ਆਧਾਰ ਤੇ ਉਨ੍ਹਾਂ ਨੂੰ ਮਾਫ਼ੀ ਪ੍ਰਦਾਨ ਕੀਤੀ ਜਾ ਸਕਦੀ ਸੀ।

ਸ਼ੈਲੀ ਦਿਲਚਸਪ ਹੈ: ਮੂਸਾ ਨੇ ਇੱਕ ਵਾਕ ਸ਼ੁਰੂ ਕੀਤਾ ਪਰ ਉਸ ਨੂੰ ਕਦੀ ਖਤਮ ਨਹੀਂ ਕੀਤਾ। ਇਸ ਦੀ ਬਜਾਇ, ਉਸ ਨੇ ਆਪਣੇ ਆਪ ਨੂੰ ਰੋਕਿਆ - ਜਿਵੇਂ ਕਿ ਡੈਸ਼ ਦੇ ਦੁਆਰਾ ਸੰਕੇਤ ਦਿੱਤਾ ਗਿਆ ਹੈ - ਤਾਂ ਕਿ ਇੱਕ ਵਿਲਕਲੀ ਬੇਨਤੀ ਕਰ ਸਕੇ। ਭਾਸ਼ਾ ਦਾ ਇਹ ਰੂਪ, ਜਿਸ ਨੂੰ "ਏਪੋਸਿਓਪੇਸਿਸ" (ਬੋਲਦੇ ਹੋਏ ਅਚਾਨਕ ਰੁੱਕ ਜਾਣਾ), ਇਹ ਆਮ ਤੌਰ ਤੇ ਮਜ਼ਬੂਤ ਭਾਵਨਾ ਨੂੰ ਦਰਸਾਉਂਦਾ ਹੈ। ਇਸ ਨੂੰ "ਇੱਕ ਵਿਚਾਰ ਦੇ ਪੂਰਾ ਹੋਣ ਤੋਂ ਪਹਿਲਾਂ ਅਚਾਨਕ ਰੁੱਕ ਜਾਣਾ ਪਰਿਭਾਸ਼ਤ ਕੀਤਾ ਗਿਆ ਹੈ।"[19] ਮੂਸਾ ਕਹਿ ਰਿਹਾ ਸੀ, "ਹੁਣ ਤੂੰ ਉਨ੍ਹਾਂ ਦਾ ਪਾਪ ਮਾਫ਼ ਕਰੀਂ ਅਰ ਜੇ ਨਹੀਂ ਤਾਂ **ਆਪਣੀ ਪੋਥੀ ਵਿੱਚੋਂ ਮੈਨੂੰ ਮਿਟਾ ਸੁੱਟੀਂ।**" ਇਸ ਬੇਨਤੀ ਵਿਚ ਆਪਣੇ ਸਾਥੀ ਇਸਰਾਏਲੀਆਂ ਦੇ ਬਾਰੇ ਮੂਸਾ ਦੀ ਗਹਿਰੀ ਭਾਵਨਾ ਨੂੰ ਪਰਗਟ ਕੀਤਾ ਗਿਆ ਹੈ। ਉਸ ਦੀ ਕਿਰਪਾ ਨੇ ਪੌਲੁਸ (ਰੋਮੀਆਂ 9:3) ਅਤੇ ਇੱਥੋਂ ਤੱਕ ਕਿ ਯਿਸੂ ਦੇ ਵਿਸ਼ੇ ਵਿਚ ਵੀ ਅਨੁਮਾਨ ਲਗਾਇਆ, ਜੋ ਸਾਡੇ ਲਈ ਪਾਪ ਬਣ ਗਿਆ (2 ਕੁਰਿੰਥੀਆਂ 5:21)।

ਮੂਸਾ ਦੇ ਬਿਆਨ ਵਿਚ ਇੱਕ ਪੁਸਤਕ ਦਾ ਪਹਿਲਾ ਉਲੇਖ ਹੈ, ਜਿਸ ਵਿਚ ਸੰਭਵ ਤੌਰ ਤੇ ਉਨ੍ਹਾਂ ਲੋਕਾਂ ਦੇ ਨਾਮ ਸ਼ਾਮਲ ਹਨ ਜੋ ਪਰਮੇਸ਼ੁਰ ਨੂੰ ਖੁਸ਼ ਕਰ ਰਹੇ ਹਨ (ਵੇਖੋ ਜ਼ਬੂਰ 69:28; ਯਸਾਯਾਹ 4:3; ਹਿਜ਼ਕੀਏਲ 13:9; ਦਾਨੀਏਲ 12:1; ਮਲਾਕੀ 3:16; ਲੂਕਾ 10:20; ਫ਼ਿਲਿੱਪੀਆਂ 4:3; ਇਬਰਾਨੀਆਂ 12:23; ਪਰਕਾਸ਼ ਦੀ ਪੋਥੀ 3:5; 13:8; 17:8; 20:12, 15; 21:27)। ਇਹ ਕਲਪਨਾ ਸ਼ਾਇਦ ਇੱਕ ਪ੍ਰਾਚੀਨ ਸ਼ਹਿਰਾਂ ਦੇ ਅਭਿਆਸ ਤੋਂ ਲਈ ਗਈ ਹੈ ਜਿਸ ਵਿਚ ਇੱਕ ਰਜਿਸਟਰ ਹੁੰਦਾ ਹੈ ਜਿਸ ਵਿਚ ਉਸ ਦੇ ਨਾਗਰਿਕਾਂ ਦੇ ਨਾਮ ਹੁੰਦੇ ਹਨ। ਜੇਕਰ ਇੱਕ ਵਿਅਕਤੀ ਨਾਗਰਿਕ ਦੇ ਰੂਪ ਵਿਚ ਆਪਣਾ ਦਰਜਾ ਗੁਆ ਲੈਂਦਾ ਸੀ ਜਾਂ ਮਰ ਜਾਂਦਾ ਸੀ, ਤਾਂ ਉਸ ਦਾ ਨਾਮ ਰਜਿਸਟਰ ਵਿਚੋਂ ਕੱਟ ਦਿੱਤਾ ਜਾਂਦਾ ਸੀ।

**ਆਇਤ 33.** ਯਹੋਵਾਹ ਨੇ ਮੂਸਾ ਦੀ ਬੇਨਤੀ ਦਾ ਉੱਤਰ ਇਹ ਕਹਿੰਦੇ ਹੋਏ ਕਿਹਾ, **ਜਿਸ ਨੇ ਪਾਪ ਕੀਤਾ ਮੈਂ ਉਸ ਨੂੰ ਆਪਣੀ ਪੋਥੀ ਵਿੱਚੋਂ ਮਿਟਾ ਸੁੱਟਾਂਗਾ।** ਇਨ੍ਹਾਂ ਸ਼ਬਦਾਂ ਵਿਚ ਇੱਕ ਸਧਾਰਣ ਸਿਧਾਂਤ ਸ਼ਾਮਲ ਹੈ ਜੋ ਯੁੱਗਾਂ ਤੋਂ ਸੱਚ ਰਿਹਾ ਹੈ। ਲੋਕਾਂ ਨੂੰ ਸਿਰਫ ਉਨ੍ਹਾਂ ਦੇ ਪਾਪਾਂ ਦੇ ਲਈ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਹਿਜ਼ਕੀਏਲ ਨੇ ਕਿਹਾ, "ਜਿਹੜੀ ਜਾਨ ਪਾਪ ਕਰਦੀ ਹੈ, ਉਹੀ ਮਰੇਗੀ। ... ਦੁਸ਼ਟੀ ਦਾ ਦੁਸ਼ਟ ਉਹ ਉਹ ਦੇ ਉੱਤੇ" (ਹਿਜ਼ਕੀਏਲ 18:20)।

ਪੁਰਾਣੇ ਨੇਮ ਵਿਚ ਵਿਸ਼ੇਸ਼ ਤੌਰ ਤੇ ਸਮੂਹਕ ਅਪਰਾਧ ਦੀ ਭਾਵਨਾ ਹੈ - ਇੱਕ ਵਿਅਕਤੀ ਦਾ ਪਾਪ ਕਿਸੇ ਅਰਥ ਵਿਚ ਉਸ ਦੇ ਸਾਰੇ ਸਰੀਰ ਨੂੰ ਦੋਸ਼ੀ ਠਹਿਰਾਉਂਦਾ ਹੈ। ਇਸ ਲਈ, ਅਸੀਸ ਦਾ ਵਾਇਦਾ ਅਤੇ ਸਰਾਪਾਂ ਦਾ ਡਰ ਜੋ ਨੇਮ ਅਤੇ ਕਾਨੂਨ ਨਾਲ ਜੁੜਿਆ ਹੋਇਆ ਹੈ ਅਤੇ ਕਾਨੂਨ ਸਾਰੀ ਕੌਮ ਲਈ ਹਨ, ਕੌਮ ਵਿਚਲੇ ਵਿਅਕਤੀਗਤ ਲੋਕਾਂ ਦੇ ਨਾਲ ਨਹੀਂ। ਫਿਰ ਵੀ, ਉਹੀ ਲੋਕ ਜੋ ਪਾਪ ਦੇ ਦੋਸ਼ੀ ਹਨ ਪਰਮੇਸ਼ੁਰ ਦੇ ਦੁਆਰਾ ਆਪਣੇ ਪਾਪਾਂ ਦੇ ਲਈ ਜ਼ਿੰਮੇਵਾਰ ਠਹਿਰਾਏ ਜਾਂਦੇ ਹਨ।

**ਆਇਤ 34.** ਲਿਖਤ ਇਸ ਗੱਲ ਦਾ ਖੁਲਾਸਾ ਨਹੀਂ ਕਰਦੀ ਕਿ ਉਸ ਮੌਕੇ ਤੇ ਪਾਪ ਕਰਨ ਵਾਲਿਆਂ ਨੂੰ ਪਰਮੇਸ਼ੁਰ ਨੇ ਮਾਫ਼ ਕੀਤਾ ਸੀ ਕਿ ਨਹੀਂ ਜਾਂ ਕਿਸ ਹੱਦ ਤੱਕ ਪ੍ਰਭੂ ਨੇ ਉਨ੍ਹਾਂ ਨੂੰ ਮਾਫ਼ ਕੀਤਾ ਸੀ। ਇਸਰਾਏਲ ਨੂੰ ਨਾਸ ਨਾ ਕਰਨ ਦੇ ਪਰਮੇਸ਼ੁਰ ਦੇ ਫ਼ੈਸਲੇ ਵਿਚ ਮਾਫ਼ੀ ਸਪੱਸ਼ਟ ਹੈ। ਪਰ, ਪਰਮੇਸ਼ੁਰ ਆਪਣੇ ਲੋਕਾਂ ਨੂੰ ਸਜ਼ਾ ਦੇਣਾ ਚਾਹੁੰਦਾ ਸੀ। **ਮੈਂ ਆਪਣੇ ਬਦਲੇ ਦੇ ਦਿਨ** ਦਾ ਅਰਥ ਉਹ ਦਿਨ ਹੋ ਸਕਦਾ ਹੈ ਜਿਸ ਦਿਨ ਮੂਸਾ ਨੇ ਲੋਕਾਂ ਦੇ ਲਈ ਪਰਮੇਸ਼ੁਰ ਦੇ ਸਾਹਮਣੇ ਅਪੀਲ ਕੀਤੀ ਸੀ।

ਜੇਕਰ ਅਜਿਹਾ ਹੈ, ਤਾਂ ਪਰਮੇਸ਼ੁਰ ਉਨ੍ਹਾਂ ਨੂੰ **ਉਨ੍ਹਾਂ ਦੇ ਪਾਪ** ਦੇ ਲਈ ਉਨ੍ਹਾਂ ਤੋਂ ਬਦਲਾ ਲੈਣ ਦੀ ਘੋਸ਼ਣਾ ਕਰ ਰਿਹਾ ਸੀ। ਦੂਸਰੇ ਪਾਸੇ, ਭਾਵ ਭਵਿੱਖ ਨੂੰ ਦਰਸਾ ਸਕਦਾ ਹੈ। ਇਸ ਮਾਮਲੇ ਵਿਚ, ਪਰਮੇਸ਼ੁਰ ਇਹ ਕਹਿ ਰਿਹਾ ਸੀ ਕਿ ਉਹ ਲੋਕਾਂ ਦੇ ਨਾਲ ਰਹੇਗਾ ਅਤੇ ਜਦੋਂ ਵੀ ਉਨ੍ਹਾਂ ਨੂੰ ਸਜ਼ਾ ਦੀ ਲੋੜ ਹੋਵੇਗੀ ਉਨ੍ਹਾਂ ਨੂੰ ਸਜ਼ਾ ਦੇਵੇਗਾ।

ਪਰਮੇਸ਼ੁਰ ਦੇ ਬਿਆਨ ਦੇ ਸੰਬੰਧ ਵਿਚ ਕਿ ਉਹ ਲੋਕਾਂ ਨੂੰ ਸਜਾ ਦੇਵੇਗਾ, ਉਸ ਨੇ ਮੂਸਾ ਨੂੰ ਦਿੱਤੇ ਗਏ ਹੁਕਮ ਨੂੰ ਦੁਹਰਾਇਆ: **ਲੋਕਾਂ ਨੂੰ ਉੱਥੇ ਲੈ ਜਾਹ ਜਿਹ ਦੇ ਲਈ ਮੈਂ ਤੈਨੂੰ ਬੋਲਿਆ ਸੀ।** ਇਹ ਇਸ ਤਰ੍ਹਾਂ ਸੀ ਜਿਵੇਂ ਪਰਮੇਸ਼ੁਰ ਕਹਿ ਰਿਹਾ ਸੀ, "ਉਸ ਦੀ ਚਿੰਤਾ ਨਾ ਕਰ ਕਿ ਮੈਂ ਲੋਕਾਂ ਦੇ ਨਾਲ ਕੀ ਕਰਾਂਗਾ। ਉਹ ਕਰ ਜੋ ਮੈਂ ਤੈਨੂੰ ਕਰਨ ਦੇ ਲਈ ਕਿਹਾ ਹੈ।" ਫਿਰ ਪਰਮੇਸ਼ੁਰ ਨੇ ਕਿਹਾ, **"ਮੇਰਾ ਦੂਤ ਤੇਰੇ ਅੱਗੇ ਤੁਰੇਗਾ।"** ਇਹ ਕਹਿਣ ਦੇ ਦੁਆਰਾ ਕਿ ਉਸ ਦਾ ਦੂਤ ਇਸਰਾਏਲ ਦੇ ਅੱਗੇ ਜਾਵੇਗਾ, ਪ੍ਰਭੂ ਨੇ ਲੋਕਾਂ ਨੂੰ ਯਕੀਨ ਦਿਵਾਇਆ ਕਿ, ਉਨ੍ਹਾਂ ਦੀ ਅਸਫਲਤਾ ਦੇ ਬਾਵਜੂਦ, ਉਹ ਉਨ੍ਹਾਂ ਨੂੰ ਵਾਇਦਾ ਕੀਤੇ ਦੇਸ ਵਿਚ ਲੈ ਜਾਵੇਗਾ। ਇਸ ਦੂਤ ਦੇ ਬਾਰੇ ਪਹਿਲਾਂ ਤੋਂ ਹੀ ਚਰਚਾ ਕੀਤੀ ਗਈ ਹੈ (23:20, 21 ਦੀਆਂ ਟਿੱਪਣੀਆਂ ਨੂੰ ਵੇਖੋ)। ਕਦੀ ਕਦੀ ਦੂਤ ਪਰਮੇਸ਼ੁਰ ਦੀ ਹਜ਼ੂਰੀ ਦੇ ਬਰਾਬਰ ਜਾਪਦਾ ਹੈ, ਪਰ ਇਸ ਪ੍ਰਸੰਗ ਵਿਚ ਦੂਤ ਦਾ ਲੋਕਾਂ ਦੇ ਨਾਲ ਜਾਣਾ ਪਰਮੇਸ਼ੁਰ ਦੀ ਇੱਛਾ ਦੇ ਉਲਟ ਉਨ੍ਹਾਂ ਦੇ ਵਿਚਕਾਰ ਹੋਣ ਤੋਂ ਉਲਟ ਹੈ (33:2, 3)। ਇਸ ਲਈ, ਇਸ ਹਵਾਲੇ ਵਿਚ "ਦੂਤ" ਖੁਦ ਪਰਮੇਸ਼ੁਰ ਨਹੀਂ ਹੈ।

**ਆਇਤ 35.** ਅਧਿਆਇ ਇਹ ਕਹਿੰਦੇ ਹੋਏ ਸਮਾਪਤ ਹੁੰਦਾ ਹੈ ਕਿ **ਯਹੋਵਾਹ ਨੇ ... ਲੋਕਾਂ ਨੂੰ ਮਾਰਿਆ।** ਜਾਹਿਰ ਤੌਰ ਤੇ, ਇਹ ਕੰਮ ਉਨ੍ਹਾਂ ਦੇ ਪਾਪ ਦੇ ਲਈ ਤੀਸਰੀ ਸਜ਼ਾ ਸੀ। ਉਨ੍ਹਾਂ ਨੇ ਮੂਰਤੀ-ਭ੍ਰਿਸ਼ਟ ਪਾਣੀ ਪੀਤਾ ਸੀ, ਅਤੇ ਤਿੰਨ ਹਜਾਰ ਵਿਦਰੋਹੀ ਆਗੂ ਮਾਰ ਦਿੱਤੇ ਗਏ ਸਨ। ਹੁਣ ਪਰਮੇਸ਼ੁਰ ਨੇ ਇੱਕ ਬਵਾ ਭੇਜ ਕੇ "ਲੋਕਾਂ ਨੂੰ ਮਾਰਿਆ" (KJV; NKJV; NIV; ESV; NRSV)। ਇਸ ਸਜ਼ਾ ਦੇ ਵਿਸ਼ੇ ਵਿਚ ਹੋਰ ਕੋਈ ਵਿਵਰਣ ਨਹੀਂ ਦਿੱਤਾ ਗਿਆ ਹੈ। ਅੰਬਰਟੋ ਕਸੂਟੋ ਨੇ ਲਿਖਿਆ ਕਿ ਸੋਨੇ ਦੇ ਵੱਛੇ ਦੇ ਪਾਪ ਨੂੰ ਸ਼ਾਮਲ ਕਰਨ ਤੋਂ ਤੁਰੰਤ ਬਾਅਦ ਬਵਾ ਦੀ ਲੋੜ ਨਹੀਂ ਸੀ। ਉਸ ਨੇ ਅੱਗੇ ਸਮਝਾਇਆ,

> ਭਾਵ ਇਹ ਸੀ ਕਿ ਪ੍ਰਭੂ ਨੇ ਲੋਕਾਂ ਨੂੰ ਇੱਕ ਬਵਾ ਦੇ ਨਾਲ, ਇੱਕ ਸਮੂਹਿਕ ਸਜ਼ਾ ਦੇ ਰੂਪ ਵਿਚ, ਇੱਕ ਅਨਿਸ਼ਚਤ ਸਮੇਂ ਤੇ, ਜਿਸ ਦਿਨ ਉਨ੍ਹਾਂ ਨੇ ਦੌਰਾ ਕੀਤਾ ਮਾਰਿਆ ਸੀ। ਪਵਿੱਤਰ ਬਾਈਬਲ ਇਸ ਗੱਲ ਨੂੰ ਨਿਰਧਾਰਤ ਨਹੀਂ ਕਰਦੀ ਕਿ ਸਜ਼ਾ ਕਿਵੇਂ ਅਤੇ ਕਦੋਂ ਦਿੱਤੀ ਗਈ ਸੀ, ਪਰ ਪਿਛਲੀ ਆਇਤ ਦੇ ਵਿਸ਼ੇ ਨੂੰ ਸਮਾਪਤ ਕਰਨ ਦੇ ਲਈ, ਅਤੇ ਇਸ ਸਤਰ ਤੇ ਸਾਨੂੰ ਸੂਚਿਤ ਕਰਨ ਦੇ ਲਈ ਕਿ ਇਸ ਨੂੰ ਪਹਿਲਾਂ ਤੋਂ ਘੋਸ਼ਿਤ ਕੀਤਾ ਗਿਆ ਸੀ, ਇੰਝ ਹੀ ਇਹ ਹੋ ਗਿਆ।[20]

ਕੂਚ 32 ਪਰਮੇਸ਼ੁਰ ਦੇ ਕ੍ਰੋਧ ਅਤੇ ਉਸ ਦੀ ਸਜ਼ਾ, ਜਾਂ ਸਜ਼ਾ ਦੇ ਅਨੁਸ਼ਾਸਨ ਦੇ ਵਿਚਕਾਰ ਅੰਤਰ ਨੂੰ ਦਰਸਾਉਂਦਾ ਹੈ। ਜਦੋਂ ਲੋਕਾਂ ਨੇ ਪਾਪ ਕੀਤਾ, ਤਾਂ ਪਰਮੇਸ਼ੁਰ ਨੇ ਉਨ੍ਹਾਂ ਨੂੰ ਭਸਮ ਕਰ ਦੇਣ ਦੀ ਧਮਕੀ ਦਿੱਤੀ। ਜੇਕਰ ਉਸ ਨੇ ਅਜਿਹਾ ਕੀਤਾ ਹੁੰਦਾ, ਤਾਂ ਉਸ ਦੇ ਦੁਆਰਾ ਆਪਣੇ ਲੋਕਾਂ ਦਾ ਭਸਮ ਕਰਨਾ ਉਸ ਦੇ ਕ੍ਰੋਧ ਦੀ ਇੱਕ ਉਦਾਹਰਣ ਹੋਣਾ ਸੀ। ਉਹ ਬਹੁਤ ਜ਼ਿਆਦਾ ਕਦਮ ਚੁੱਕਣ ਅਤੇ ਲੋਕਾਂ ਨੂੰ ਨਾਸ ਕਰਨ ਵਿਚ ਧਰਮੀ ਰਹੇਗਾ ਜਿਨ੍ਹਾਂ ਨੇ ਉਸ ਦੇ ਨੇਮ ਦੀ ਉਲੰਘਣਾ ਕੀਤੀ ਅਤੇ ਉਸ ਦੇ ਹੁਕਮਾਂ ਨੂੰ ਨਹੀਂ ਮੰਨਿਆ। ਪਰ, ਉਸ ਨੇ ਆਪਣੇ ਲੋਕਾਂ ਦੇ ਖ਼ਿਲਾਫ਼ ਆਪਣੇ ਕ੍ਰੋਧ ਦਾ ਅਭਿਆਸ ਕਰਨ ਤੋਂ ਰੋਕ ਦਿੱਤਾ ਸੀ। ਲੋਕਾਂ ਨੂੰ ਹੁਣ ਵੀ ਆਪਣੇ ਪਾਪ ਦੇ ਕਾਰਣ ਸਜ਼ਾ ਦਿੱਤੀ ਜਾਣੀ, ਜਾਂ ਉਨ੍ਹਾਂ ਦਾ ਪਿੱਛਾ ਕੀਤਾ ਜਾਣਾ ਸੀ ਤਾਂਕਿ ਉਹ ਪਰਮੇਸ਼ੁਰ ਦੇ ਖ਼ਿਲਾਫ਼ ਕੀਤੇ ਆਪਣੇ ਪਾਪ ਦੀ ਗੰਭੀਰਤਾ ਨੂੰ ਸਮਝ ਸਕਣ। ਇਸ ਲਈ, ਉਸ ਨੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਨਾਲ ਨਾਸ ਕਰਨ ਤੋਂ ਬਿਨਾਂ

ਉਨ੍ਹਾਂ ਨੂੰ ਸਜ਼ਾ ਦਿੱਤੀ।

# ਪ੍ਰਾਸੰਗਿਕਤਾ

**ਨੇਮ ਦਾ ਟੁੱਟਣਾ (ਅਧਿਆਇ 32)**

ਅਧਿਆਇ 19 *ਨੇਮ ਦੇ ਬਣਾਏ ਜਾਣ ਦੇ ਵਿਸ਼ੇ ਵਿਚ ਦੱਸਦਾ ਹੈ।* ਕੂਚ 20-23 ਵਿਚ ਅਸੀਂ ਚੰਗੇ ਕਾਨੂਨਾਂ ਨੂੰ ਪਾਉਂਦੇ ਹਾਂ ਜੋ ਇਸ ਨੇਮ ਦਾ ਹਿੱਸਾ ਸਨ। ਕੂਚ 24 ਨੇਮ ਦੀ ਪੁਸ਼ਟੀ ਕਰਨ ਦੇ ਲਈ ਰਸਮ ਦਾ ਵਰਣਨ ਕਰਦਾ ਹੈ। ਫਿਰ ਮੂਸਾ ਚਾਲੀ ਦਿਨਾਂ ਦੇ ਲਈ ਸੀਨਈ ਪਹਾੜ ਤੇ ਚੜ੍ਹਿਆ ਰਿਹਾ ਤਾਂ ਕਿ ਬਿਵਸਥਾ ਨੂੰ ਪ੍ਰਾਪਤ ਕਰ ਸਕੇ (24:18)। ਇਸਰਾਏਲ ਦੇ ਲਈ ਸਭ ਭਲਾ ਸੀ। ਅੱਗੇ, ਕੂਚ 32 ਵਿਚ, *ਅਸੀਂ ਨੇਮ ਦੇ ਤੋੜੇ ਜਾਣ* ਦੇ ਵਿਸ਼ੇ ਵਿਚ ਪੜ੍ਹਦੇ ਹਾਂ।

ਅੱਜ ਕਲੀਸੀਆ ਦਾ ਪਰਮੇਸ਼ੁਰ ਦੇ ਨਾਲ ਉਹੀ ਰਿਸ਼ਤਾ ਹੈ ਜੋ ਇਸਰਾਏਲ ਦਾ ਸੀ। ਉਹ ਉਸ ਸਮੇਂ ਨੇਮ ਦੇ ਲੋਕ ਸਨ, ਅਤੇ ਹੁਣ ਅਸੀਂ ਨੇਮ ਦੇ ਲੋਕ ਹਾਂ। ਜਿਵੇਂ ਉਨ੍ਹਾਂ ਨੇ ਨੇਮ ਨੂੰ ਤੋੜਿਆ ਸੀ, ਉਸੇ ਤਰ੍ਹਾਂ ਅੱਜ ਅਸੀਂ ਵੀ ਨੇਮ ਨੂੰ ਤੋੜ ਸਕਦੇ ਹਾਂ। ਇਸ ਲਈ, ਅਸੀਂ ਇਸਰਾਏਲ ਦੀਆਂ ਗਲਤੀਆਂ ਤੋਂ ਸਿੱਖਦੇ ਸਕਦੇ ਹਾਂ।

*ਉਨ੍ਹਾਂ ਦਾ ਪਾਪ ਕੀ ਸੀ?* ਮੂਰਤੀਪੂਜਾ - ਪ੍ਰਭੂ ਪਰਮੇਸ਼ੁਰ ਦੇ ਸਥਾਨ ਤੇ ਹੋਰ ਦੇਵਤੇ! ਮੂਰਤੀਪੂਜਾ ਬਹੁਤ ਸਾਰੇ ਲੋਕਾਂ ਦੇ ਲਈ ਬੁਨਿਆਦੀ ਹੁੰਦੀ ਹੈ, ਭਾਵੇਂ ਅੱਜ ਸਾਡੇ ਪਾਪਾਂ ਦੇ ਲਈ ਨਾ ਹੋਵੇ: ਅਸੀਂ ਕਿਸੇ ਨੂੰ ਜਾਂ ਕਿਸੇ ਚੀਜ਼ ਨੂੰ ਪਰਮੇਸ਼ੁਰ ਦੇ ਸਾਹਮਣੇ ਰੱਖਦੇ ਹਾਂ। ਇਹ ਮੂਰਤੀਪੂਜਾ ਹੁੰਦੀ ਹੈ।

*ਇਸਰਾਏਲ ਦੇ ਪਾਪ ਦੇ ਕਾਰਣ ਕੀ ਸਨ?* (1) *ਧੀਰਜ ਨਾ ਕਰਨਾ* (32:1)। ਇਸਰਾਏਲੀਆਂ ਨੇ ਮਿਸਰ ਵਿਚ ਚਾਲੀ ਸਾਲ ਬਿਤਾਏ ਸਨ, ਪਰ ਬਿਵਸਥਾ ਦੇ ਲਈ ਉਹ ਚਾਲੀ ਦਿਨਾਂ ਤੱਕ ਵਿਚ ਇੰਤਜ਼ਾਰ ਨਾ ਕਰ ਸਕੇ! (2) *ਇੱਕ ਅਜਿਹੇ ਪਰਮੇਸ਼ੁਰ ਦੀ ਇੱਛਾ ਜਿਸ ਨੂੰ ਉਹ ਵੇਖ ਸਕਣ* (32:4)। ਪਰਮੇਸ਼ੁਰ ਆਤਮਾ ਹੈ (ਯੂਹੰਨਾ 4:24) ਅਤੇ ਮਨੁੱਖੀ ਅੱਖਾਂ ਨਾਲ ਉਸ ਨੂੰ ਵੇਖਿਆ ਨਹੀਂ ਜਾ ਸਕਦਾ ਹੈ। ਅਸੀਂ ਵੇਖਣ ਦੇ ਦੁਆਰਾ ਨਹੀਂ ਸਗੋਂ ਵਿਸ਼ਵਾਸ ਦੇ ਨਾਲ ਚੱਲਣਾ ਹੈ; ਪਰ ਮੂਸਾ ਦੇ ਸਮੇਂ ਤੋਂ ਲੈ ਕੇ ਹੁਣ ਤੱਕ, ਲੋਕ ਇੱਕ ਦਿੱਸਣ ਵਾਲਾ ਪਰਮੇਸ਼ੁਰ ਚਾਹੁੰਦੇ ਹਨ ਜਾਂ ਘੱਟੋ ਘੱਟ ਭੌਤਿਕ ਪ੍ਰਮਾਣ ਕਿ ਪਰਮੇਸ਼ੁਰ ਜ਼ਿੰਦਾ ਅਤੇ ਭਲਾ ਹੈ। (3) *ਜੋ ਪਰਮੇਸ਼ੁਰ ਨੇ ਉਨ੍ਹਾਂ ਦੇ ਲਈ ਕੀਤਾ ਸੀ ਉਸ ਨੂੰ ਯਾਦ ਕਰਨ ਅਤੇ ਉਸ ਦੇ ਲਈ ਉਸ ਦਾ ਧੰਨਵਾਦ ਕਰਨ ਵਿਚ ਅਸਫਲਤਾ* (32:9)। ਇਸਰਾਏਲ ਦੇ ਲੋਕ ਜ਼ਿੱਦੀ ਸਨ ਅਤੇ ਉਹ ਭੁੱਲ ਗਏ ਸਨ ਕਿ ਪਰਮੇਸ਼ੁਰ ਨੇ ਉਨ੍ਹਾਂ ਦੇ ਲਈ ਕੀ ਕੀਤਾ ਸੀ; ਉਨ੍ਹਾਂ ਦੇ ਭੁਲੱਕੜਪਣ ਅਤੇ ਧੰਨਵਾਦ ਰਹਿਤ ਮਨ ਨੇ ਉਨ੍ਹਾਂ ਨੂੰ ਪਾਪ ਵਿਚ ਪਾ ਦਿੱਤਾ। (4) *ਲਾਲਸਾ* (32:6, 19)। ਵਾਸਨਾ ਭਰੀਆਂ ਗਤੀਵਿਧੀਆਂ ਜੋ ਲਗਭਗ ਨਿਸ਼ਚਤ ਤੌਰ ਤੇ ਇਸ ਮੌਕੇ ਦਾ ਹਿੱਸਾ ਸਨ ਪਰਮੇਸ਼ੁਰ ਦੇ ਪ੍ਰਤਿ ਗਲਤ ਨਜ਼ਰੀਏ ਦੇ ਨਾਲ ਚੱਲਦੀਆਂ ਸਨ (32:23, 24; ਵੇਖੋ ਰੋਮੀਆਂ 1:22-25)। ਸੱਚੇ ਪਰਮੇਸ਼ੁਰ ਤੋਂ ਮੂੰਹ ਮੋੜਣਾ ਲੋਕਾਂ ਨੂੰ ਵਧੇਰੇ ਪਾਪ ਦੇ ਲਈ ਸੱਦਾ ਦੇਣਾ ਹੈ। (5) *ਘਟੀਆ ਅਗਵਾਈ* (32:25)। ਹਾਰੂਨ ਆਪਣੇ ਪਾਪ ਦੇ ਲਈ ਜ਼ਿੰਮੇਵਾਰ ਸਨ।

*ਉਨ੍ਹਾਂ ਦੇ ਪਾਪ ਦੇ ਫੌਰੀ ਪ੍ਰਭਾਵ ਕੀ ਸਨ?* (1) ਪਰਮੇਸ਼ੁਰ ਦੀ ਪਹਿਲੀ ਪ੍ਰਤੀਕਿਰਿਆ ਉਨ੍ਹਾਂ ਦਾ ਨਾਸ ਕਰਨ ਵੱਲ ਝੁਕਾਅ ਸੀ (32:9, 10)। (2) ਮੂਸਾ ਦੀ ਮੁੱਢਲੀ ਪ੍ਰਤੀਕਿਰਿਆ ਇੱਕ ਚੰਗੇ ਆਗੂ ਦੀ ਸੀ; ਉਸ ਨੇ ਉਨ੍ਹਾਂ ਦੇ ਲਈ ਵਿਚੋਲਗੀ ਦੀ ਪ੍ਰਾਰਥਨਾ ਕੀਤੀ ਅਤੇ ਦਿਖਾਇਆ ਕਿ ਉਹ ਆਪਣੇ ਆਪ ਤੋਂ ਵੱਧ ਕੇ ਉਨ੍ਹਾਂ ਦੀ ਪਰਵਾਹ ਕਰਦਾ ਹੈ (32:11-13)। (3) ਪਰਮੇਸ਼ੁਰ ਦੀ ਦੂਸਰੀ

ਪ੍ਰਤੀਕਿਰਿਆ ਆਇਤ 14 ਵਿਚ ਪਾਈ ਜਾਂਦੀ ਹੈ: "ਯਹੋਵਾਹ ਉਸ ਬੁਰਿਆਈ ਤੋਂ ਹਟ ਗਿਆ ..." (KJV)। ਇਸ ਭਾਵ ਦਾ ਕੀ ਅਰਥ ਹੈ? ਪਰਮੇਸ਼ੁਰ ਨੇ ਆਪਣਾ ਇਰਾਦਾ ਬਦਲ ਲਿਆ। ਉਸ ਨੇ ਉਨ੍ਹਾਂ ਦੇ ਗਲਤ ਕੰਮ ਦੇ ਵਿਸ਼ੇ ਵਿਚ ਆਪਣੇ ਮਨ ਨੂੰ ਨਹੀਂ ਬਦਲਿਆ, ਨਾ ਹੀ ਉਸ ਨੇ ਇਹ ਫ਼ੈਸਲਾ ਕੀਤਾ ਕਿ ਉਹ ਉਨ੍ਹਾਂ ਨੂੰ ਬਿਲਕੁਲ ਸਜ਼ਾ ਨਹੀਂ ਦੇਵੇਗਾ। ਇਸ ਦੀ ਬਜਾਇ, ਉਸ ਨੇ ਆਪਣੇ ਮਨ ਨੂੰ ਬਦਲ ਲਿਆ ਅਤੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਤਬਾਹ ਨਹੀਂ ਕੀਤਾ, ਭਾਵੇਂ ਉਸ ਨੂੰ ਅਜਿਹਾ ਕਰਨ ਦਾ ਅਧਿਕਾਰ ਸੀ। (4) ਮੂਸਾ ਦੀ ਦੂਸਰੀ ਪ੍ਰਤਿਕਿਰਿਆ ਸੀ ਕਿ ਉਸ ਨੇ "ਸਾਖੀ ਦੀਆਂ ਦੋ ਫੱਟੀਆਂ" ਨੂੰ ਤੋੜ ਦਿੱਤਾ। ਉਹ ਗੁੱਸੇ ਨਾਲ ਭਰ ਗਿਆ। ਉਸ ਨੇ ਬੱਛੇ ਨੂੰ ਸਾੜ ਸੁੱਟਿਆ, ਉਸ ਦੀ ਸੁਆਹ ਨੂੰ ਪਾਣੀ ਵਿਚ ਸੁੱਟ ਦਿੱਤਾ, ਅਤੇ ਲੋਕਾਂ ਨੂੰ ਉਸ ਤੋਂ ਪਿਲਾਇਆ (32:15-20)। (5) ਹਾਰੂਨ ਦੀ ਪ੍ਰਤੀਕਿਰਿਆ ਲੋਕਾਂ ਤੇ ਬੱਛਾ ਬਣਾਉਣ ਅਤੇ ਕਿਸੇ ਚਮਤਕਾਰੀ ਕੰਮ ਦਾ ਦੋਸ਼ ਲਾਉਣਾ ਸੀ ਜਿਸ ਦੇ ਦੁਆਰਾ ਆਪਣੇ ਆਪ ਬੱਛਾ ਬਣ ਗਿਆ ਸੀ (32:21-24)। (6) ਲੇਵੀਆਂ ਦੀ ਪ੍ਰਤੀਕਿਰਿਆ ਮੂਸਾ ਦੇ ਨਾਲ ਇੱਕ ਹੋ ਜਾਣਾ ਅਤੇ ਫਿਰ ਪੂਰੇ ਡੇਹਰੇ ਵਿਚ ਜਾ ਕੇ, ਵਿਦਰੋਹੀਆਂ ਦੇ ਆਗੂਆਂ ਨੂੰ ਕਤਲ ਕਰਨਾ ਸੀ (32:26-28)। (7) ਮੂਸਾ ਦੀ ਤੀਸਰੀ ਪ੍ਰਤੀਕਿਰਿਆ ਲੇਵੀਆਂ ਨੂੰ ਬਰਕਤ ਦੇਣੀ, ਇਸਰਾਏਲੀਆਂ ਦੇ ਪਾਪ ਨੂੰ ਮੰਨਣਾ, ਅਤੇ ਪ੍ਰਭੂ ਦੇ ਕੋਲੋਂ ਮੰਗਣਾ ਕਿ ਉਹ ਲੋਕਾਂ ਨੂੰ ਮਾਫ਼ ਕਰ ਦੇਵੇ (32:29-32)। (8) ਪਰਮੇਸ਼ੁਰ ਦੀ ਤੀਸਰੀ ਪ੍ਰਤੀਕਿਰਿਆ ਇਸ ਗੱਲ ਦੀ ਘੋਸ਼ਣਾ ਕਰਨਾ ਸੀ ਕਿ ਉਹ ਸਿਰਫ ਉਨ੍ਹਾਂ ਲੋਕਾਂ ਨੂੰ ਸਜ਼ਾ ਦੇਵੇਗਾ ਜੋ ਦੋਸ਼ੀ ਸਨ। ਉਸ ਤੋਂ ਬਾਅਦ, ਉਸ ਨੇ ਲੋਕਾਂ ਦੇ ਉੱਤੇ ਇੱਕ ਬਵਾ ਭੇਜੀ (32:33-35)।

ਇਸ ਘਟਨਾ ਤੋਂ ਸਾਨੂੰ ਕੀ ਸਿਖਾਉਂਦੀ ਹੈ? (1) ਪਾਪ - ਜਾਂ ਨੇਮ ਦਾ ਟੁੱਟਣਾ - ਹਲਕੀ ਗੱਲ ਨਹੀਂ ਹੈ! ਪਾਪ ਵਿਚ ਆਮ ਤੌਰ ਤੇ ਅਜਿਹੇ ਪ੍ਰਭਾਵ ਹੁੰਦੇ ਹਨ ਜੋ ਉਸ ਸਮੇਂ ਤੋਂ ਪਰੇ ਹੁੰਦੇ ਹਨ। ਬਾਅਦ ਵਿਚ ਇਤਹਾਸ ਵਿਚ, ਯਾਰਾਬੁਆਮ ਦੇ ਬੱਛਿਆਂ ਨੇ ਉੱਤਰੀ ਰਾਜ ਨੂੰ ਤਬਾਹ ਕਰ ਦਿੱਤਾ ਸੀ। (2) ਪਾਪ ਦੂਸਰਿਆਂ ਤੇ ਵੀ ਪ੍ਰਭਾਵ ਪਾਉਂਦਾ ਹੈ, ਨਾ ਸਿਰਫ ਸਾਡੇ ਉੱਤੇ ਹੀ। ਕਿਹੜਾ ਪਾਪ ਇੰਨਾ ਨਿਜੀ ਹੈ ਕਿ ਉਹ ਕਿਸੇ ਵੀ ਤਰ੍ਹਾਂ ਕਿਸੇ ਤੇ ਨਾਕਾਰਾਤਮਕ ਪ੍ਰਭਾਵ ਨਹੀਂ ਪਾਵੇਗਾ? (3) ਪਾਪ ਨੂੰ ਖੁਦ ਪਰਮੇਸ਼ੁਰ ਦੇ ਦੁਆਰਾ ਵੇਖਿਆ ਅਤੇ ਸਜ਼ਾ ਦਿੱਤੀ ਜਾਂਦੀ ਹੈ (32:33)। ਪਰਮੇਸ਼ੁਰ ਸਾਨੂੰ ਸਾਡੇ ਆਪਣੇ ਪਾਪਾਂ ਦੇ ਲਈ ਦੋਸ਼ੀ ਠਹਿਰਾਉਂਦਾ ਹੈ, ਨਾ ਕਿ ਦੂਸਰਿਆਂ ਦੇ ਪਾਪਾਂ ਦੇ ਲਈ; ਅਤੇ ਉਹ ਸਾਡੇ ਪਾਪਾਂ ਦੇ ਲਈ ਹੋਰਨਾਂ ਨੂੰ ਦੋਸ਼ੀ ਨਹੀਂ ਠਹਿਰਾਉਂਦਾ ਹੈ। (4) ਪਾਪ ਦੇ ਨਤੀਜੇ ਭਿਆਨਕ ਹੁੰਦੇ ਹਨ - ਇੱਥੋਂ ਤੱਕ ਕਿ ਮੌਤ।

*ਪਾਪ ਦਾ ਨਤੀਜਾ ਕੀ ਨਿਕਲਿਆ ਸੀ?* ਬਾਅਦ ਵਿਚ ਆਉਣ ਵਾਲੇ ਦੋ ਅਧਿਆਏ ਪਰਮੇਸ਼ੁਰ ਦੇ ਨਾਲ ਇਸਰਾਏਲ ਦੇ ਪੂਰਵ ਸੰਬੰਧਾਂ ਦੀ ਪੁਨਰ-ਸਥਾਪਨਾ ਤੇ ਜ਼ੋਰ ਦਿੰਦੇ ਹਨ। ਅਸੀਂ ਧਰਤੀ ਦੇ ਨਵੀਨੀਕਰਣ ਦੇ ਵਿਸ਼ੇ ਵਿਚ ਪੜ੍ਹਦੇ ਹਾਂ (33:1), ਪਰਮੇਸ਼ੁਰ ਦੀ ਹਜ਼ੂਰੀ ਦੇ ਵਾਇਦੇ ਦੇ ਨਵੀਨੀਕਰਣ (33:14-16), ਅਤੇ ਨੇਮ ਦੇ ਨਵੀਨੀਕਰਣ (34:1, 6; ਵੇਖੋ 34:7, 9, 10)। ਹਾਲਾਂਕਿ ਇਸਰਾਏਲ ਡਿੱਗ ਪਿਆ ਸੀ, ਪਰ ਪਰਮੇਸ਼ੁਰ ਨੇ ਇਸਰਾਏਲ ਨੂੰ ਨਾਸ ਨਹੀਂ ਕੀਤਾ। ਉਸ ਨੇ ਆਪਣੇ ਲੋਕਾਂ ਦਾ ਮੁੜ ਸਵਾਗਤ ਕੀਤਾ। ਇਹ ਪਾਪੀਆਂ ਦੇ ਲਈ ਇੱਕ ਚੰਗੀ ਖ਼ਬਰ ਹੈ। ਅਸੀਂ ਡਿੱਗ ਜਾਣ ਦੇ ਵਿਸ਼ੇ ਵਿਚ ਗੱਲ ਕਰਦੇ ਹਾਂ, ਪਰ ਅਸੀਂ ਇੰਨਾ ਕਦੀ ਵੀ ਨਹੀਂ ਗਿਰ ਸਕਦੇ ਕਿ ਜੇਕਰ ਅਸੀਂ ਵਾਪਸ ਮੁੜਣਾ ਚਾਹੀਏ ਤਾਂ ਨਾ ਮੁੜ ਸਕੀਏ (1 ਯੂਹੰਨਾ 1:9)।

ਅੱਜ ਦੇ ਲਈ ਇਹ ਸੰਦੇਸ਼ ਹੈ: ਹੋਰ ਦੇਵਤੇ ਹਮੇਸ਼ਾ ਸਾਨੂੰ ਭਰਮਾਉਂਦੇ ਹਨ। ਸੰਸਾਰ ਦੂਸਰਿਆਂ ਦੇਵਤਿਆਂ ਦੀ ਸੇਵਾ ਕਰਨ ਦੇ ਲਈ ਹਮੇਸ਼ਾ ਸਾਨੂੰ ਸੱਦਾ ਦਿੰਦਾ, ਭਰਮਾਉਂਦਾ, ਬੇਨਤੀ ਕਰਦਾ ਅਤੇ ਸਾਡੇ ਤੋਂ ਭੀਖ ਮੰਗਦਾ ਹੈ। ਪਰ, ਜੇਕਰ ਅਸੀਂ ਪ੍ਰਭੂ ਦੇ ਨਾਲ ਕੀਤੇ ਨੇਮ ਨੂੰ ਤੋੜਦੇ ਹਾਂ, ਤਾਂ ਅਸੀਂ ਸਜ਼ਾ ਦੀ ਉਮੀਦ ਕਰ ਸਕਦੇ ਹਾਂ ਅਤੇ ਸਾਨੂੰ ਸਜ਼ਾ ਦੀ ਉਮੀਦ ਕਰਨੀ ਚਾਹੀਦੀ ਹੈ। ਪਾਪ ਦੇ ਲਈ

ਅਦਾ ਕਰਨ ਦੇ ਲਈ ਸਦਾ ਇੱਕ ਕੀਮਤ ਹੁੰਦੀ ਹੈ, ਪਰ ਹਮੇਸ਼ਾ ਵਾਪਸ ਪਰਤਣ ਦਾ ਇੱਕ ਰਸਤਾ ਹੁੰਦਾ ਹੈ। ਪਰਮੇਸ਼ੁਰ ਉਜਾੜੂ ਮਨੁੱਖ ਨੂੰ ਮਾਫ਼ ਕਰ ਸਕਦਾ ਹੈ। ਹਾਂ, ਪਰਮੇਸ਼ੁਰ ਸਾਨੂੰ ਮਾਫ਼ ਕਰ ਸਕਦਾ ਹੈ ਅਤੇ ਉਹ ਸਾਨੂੰ ਮਾਫ਼ ਕਰੇਗਾ, ਭਾਵੇਂ ਅਸੀਂ ਇਸਰਾਏਲੀਆਂ ਦੇ ਵਾਂਗ ਪਾਪ ਕੀਤਾ ਹੋਵੇ ਜਦੋਂ ਉਨ੍ਹਾਂ ਨੇ ਨੇਮ ਨੂੰ ਤੋੜਿਆ ਸੀ।

**ਆਪਣੇ ਮਾਲ ਧਨ ਦੇ ਤਿੰਨ ਇਸਤੇਮਾਲ (32:2-4; 33:4-6; 35:22)**

ਕੂਚ ਵਿਚ ਤਿੰਨ ਵਾਰ ਲੋਕਾਂ ਦੇ ਗਹਿਣਿਆਂ ਦਾ ਉਲੇਖ ਕੀਤਾ ਗਿਆ ਹੈ। ਉਨ੍ਹਾਂ ਨੇ ਸੋਨੇ ਦਾ ਵੱਛਾ ਬਣਾਉਣ ਦੇ ਲਈ ਆਪਣੇ ਕੰਨਾਂ ਦੇ ਵਾਲੇ ਦਿੱਤੇ ਸਨ; ਉਨ੍ਹਾਂ ਨੇ ਆਪਣੇ ਪਰਾਸਚਿਤ ਨੂੰ ਵਿਖਾਉਣ ਦੇ ਲਈ ਆਪਣੇ ਗਹਿਣੇ ਉਤਾਰ ਦਿੱਤੇ; ਅਤੇ ਉਨ੍ਹਾਂ ਨੇ ਡੇਹਰੇ ਦੇ ਬਣਾਉਣ ਦੇ ਲਈ ਸਵੈ-ਇੱਛਾ ਦੇ ਨਾਲ ਆਪਣੇ ਸੋਨੇ ਦੇ ਗਹਿਣੇ ਦੇ ਦਿੱਤੇ ਸਨ। ਉਨ੍ਹਾਂ ਦੇ ਦੁਆਰਾ ਆਪਣੇ ਗਹਿਣਿਆਂ ਨੂੰ ਇਸਤੇਮਾਲ ਕਰਨ ਦੇ ਤਿੰਨੇ ਤਰੀਕੇ ਤਿੰਨ ਤਰੀਕਿਆਂ ਦਾ ਸੁਝਾਅ ਦਿੰਦੇ ਹਨ ਜਿਨ੍ਹਾਂ ਦੇ ਦੁਆਰਾ ਅਸੀਂ ਆਪਣੇ "ਸੋਨੇ" - ਆਪਣੇ "ਖਜ਼ਾਨਿਆਂ, ਸਧਾਰਣ ਰੂਪ ਵਿਚ ਆਪਣੀ ਸਮੱਗਰੀ ਦਾ ਇਸਤੇਮਾਲ ਕਰ ਸਕਦੇ ਹਾਂ।" ਸਭ ਤੋਂ ਪਹਿਲਾਂ, ਸਾਨੂੰ ਆਪਣੇ ਭੌਤਿਕ ਮਾਲ ਧਨ ਦਾ ਉਪਯੋਗ ਬੁਰਾਈ ਨੂੰ ਵਧਾਉਣ ਦੇ ਲਈ ਨਹੀਂ ਕਰਨਾ ਚਾਹੀਦਾ ਹੈ, ਜਿਵੇਂ ਉਨ੍ਹਾਂ ਨੇ ਕੀਤਾ ਸੀ ਜਦੋਂ ਉਨ੍ਹਾਂ ਨੇ ਸੋਨੇ ਦਾ ਬੱਛਾ ਬਣਾਉਣ ਦੇ ਲਈ ਦਿੱਤਾ ਸੀ (32:2-4)। ਦੂਸਰਾ, ਅਸੀਂ ਆਪਣੇ ਪ੍ਰਾਸਚਿਤ ਨੂੰ ਵਿਖਾਉਣ ਦੇ ਲਈ ਇਸ ਦਾ ਇਸਤੇਮਾਲ ਕਰ ਸਕਦੇ ਹਾਂ, ਜਿਵੇਂ ਇਸਰਾਏਲ ਨੇ ਕੀਤਾ ਸੀ ਜਦੋਂ ਉਨ੍ਹਾਂ ਨੇ ਆਪਣੇ ਗਹਿਣੇ ਲਾਹ ਸੁੱਟੇ ਸਨ ਜਾਂ, ਜਾਂ ਹੋਰਨਾਂ ਮੌਕਿਆਂ ਤੇ, ਉਨ੍ਹਾਂ ਨੇ ਆਪਣੇ ਕੱਪੜੇ ਫਾੜੇ ਸਨ। ਉਦਾਹਰਣ ਦੇ ਲਈ, ਅਸੀਂ ਅਜਿਹਾ ਕਰ ਸਕਦੇ ਹਾਂ, ਗਲਤ ਤਰੀਕੇ ਦੇ ਨਾਲ ਪ੍ਰਾਪਤ ਕੀਤੇ ਲਾਭ ਨੂੰ ਤਿਆਗ ਕੇ, ਜੋ ਅਸੀਂ ਚੋਰੀ ਕੀਤਾ ਹੈ ਉਸ ਨੂੰ ਮੁੜ ਵਾਪਸ ਕਰਕੇ, ਅਤੇ ਇਸੇ ਤਰ੍ਹਾਂ ਹੋਰ ਵੀ (33:4-6)। ਤੀਸਰਾ, ਅਸੀਂ ਪਰਮੇਸ਼ੁਰ ਦੇ ਰਾਜ ਦੀ ਉਸਾਰੀ ਦੇ ਲਈ ਆਪਣੇ ਮਾਲ-ਧਨ ਨੂੰ ਖੁਸ਼ੀ ਨਾਲ ਦੇ ਸਕਦੇ ਹਾਂ, ਜਿਵੇਂ ਉਨ੍ਹਾਂ ਨੇ ਡੇਹਰੇ ਦੇ ਬਣਾਏ ਜਾਣ ਦੇ ਸਮੇਂ ਕੀਤਾ ਸੀ (35:22)।

**ਮੂਸਾ, ਇੱਕ ਆਦਰਸ਼ ਅਯਾਲੀ (32:7-35)**

ਮੂਸਾ ਨੂੰ ਪਰਮੇਸ਼ੁਰ ਦੇ ਦੁਆਰਾ ਚੁਣਿਆ ਗਿਆ ਸੀ ਕਿ ਉਹ ਇਸਰਾਏਲੀਆਂ ਦਾ ਮਿਸਰ ਤੋਂ ਛੁਟਕਾਰਾ ਕਰਵਾਏ ਅਤੇ ਉਨ੍ਹਾਂ ਨੂੰ ਵਾਇਦਾ ਕੀਤੇ ਦੇਸ ਵਿਚ ਲੈ ਕੇ ਜਾਵੇ। ਪਰਮੇਸ਼ੁਰ ਨੇ ਚਾਲੀ ਸਾਲ ਤੱਕ ਅਯਾਲੀ ਦੇ ਰੂਪ ਵਿਚ ਸੇਵਾ ਕਰਨ ਦਾ ਦਾ ਇੰਤਜ਼ਾਮ ਕਰਕੇ ਮੂਸਾ ਨੂੰ ਇਸ ਕੰਮ ਦੇ ਲਈ ਤਿਆਰ ਕੀਤਾ ਸੀ। ਸੋਨੇ ਦੇ ਬੱਛੇ ਦੀ ਘਟਨਾ ਵਿਚ ਮੂਸਾ ਨੇ ਇੱਕ ਅਯਾਲੀ ਦੇ ਵਿਚ ਪਾਈ ਜਾਣ ਵਾਲੀ ਪ੍ਰਮੁੱਖ ਵਿਸ਼ੇਸ਼ਤਾ ਨੂੰ ਪ੍ਰਦਰਸ਼ਿਤ ਕੀਤਾ: ਭੇਡਾਂ ਦੀ ਚਿੰਤਾ। ਮੂਸਾ ਨੂੰ ਭੇਡਾਂ ਦੀ ਇੰਨੀ ਚਿੰਤਾ ਸੀ ਕਿ ਉਸ ਨੇ ਉਸ ਸਮੇਂ ਪਰਮੇਸ਼ੁਰ ਦੇ ਸਾਹਮਣੇ ਵਿਚੋਲਗੀ ਕੀਤੀ ਜਦੋਂ ਉਸ ਨੇ ਕਿਹਾ ਕਿ ਉਹ ਉਨ੍ਹਾਂ ਨੂੰ ਤਬਾਹ ਕਰਕੇ ਮੂਸਾ ਤੋਂ ਇੱਕ ਮਹਾਨ ਕੌਮ ਨੂੰ ਖੜਾ ਕਰੇਗਾ (32:7-14)। ਮੂਸਾ ਭੇਡਾਂ ਅਤੇ ਉਨ੍ਹਾਂ ਦੀ ਆਤਮਿਕ ਭਲਿਆਈ ਦੇ ਲਈ ਇੰਨਾ ਫਿਕਰਮੰਦ ਸੀ ਕਿ ਉਸ ਨੂੰ ਉਨ੍ਹਾਂ ਦੇ ਪਾਪ ਦੇ ਕਾਰਣ ਬਹੁਤ ਧੱਕਾ ਲੱਗਾ ਸੀ ਅਤੇ ਉਸ ਨੇ ਵੇਖਿਆ ਕਿ ਜਿਨ੍ਹਾਂ ਨੇ ਉਨ੍ਹਾਂ ਨੂੰ ਪਾਪ ਦੇ ਲਈ ਪ੍ਰੇਰਿਤ ਕੀਤਾ ਸੀ ਉਨ੍ਹਾਂ ਨੂੰ ਸਜ਼ਾ ਦਿੱਤੀ ਗਈ ਅਤੇ ਨਾਸ ਕੀਤਾ ਗਿਆ ਸੀ (32:15-29)। ਮੂਸਾ ਦਾ ਗੁੱਸਾ ਅਤੇ ਉਸ ਦੇ ਦੁਆਰਾ ਦਿੱਤੀ ਗਈ ਸਜ਼ਾ ਲੋਕਾਂ ਦੇ ਪ੍ਰਤਿ ਉਸ ਦੇ ਪ੍ਰੇਮ ਦਾ ਸਬੂਤ ਸੀ। ਮੂਸਾ ਨੂੰ ਭੇਡਾਂ ਦੀ ਇੰਨੀ ਚਿੰਤਾ ਸੀ ਕਿ ਉਸ ਨੇ ਭੇਡਾਂ ਦੇ ਲਈ ਪਰਾਸਚਿਤ ਕਰਨਾ ਚਾਹਿਆ, ਇੱਥੋਂ ਤੱਕ ਕਿ ਉਹ ਉਨ੍ਹਾਂ ਦੇ ਸਥਾਨ ਤੇ ਨਾਸ ਹੋ ਜਾਣਾ ਚਾਹੁੰਦਾ ਸੀ (32:30-35; ਵੇਖੋ ਰੋਮੀਆਂ 9:1-

3; 2 ਕੁਰਿੰਥੀਆਂ 5:21)। ਅੱਜ ਅਯਾਲੀਆਂ (ਬਜ਼ੁਰਗਾਂ ਨੂੰ) ਮੂਸਾ ਕੋਲੋਂ ਸਿੱਖਣ ਦੀ ਲੋੜ ਹੈ ਕਿ ਉਨ੍ਹਾਂ ਦਾ ਮੁੱਖ ਕੰਮ ਭੇਡਾਂ (ਕਲੀਸੀਆ) ਦੀ ਚਿੰਤਾ ਕਰਨਾ ਹੈ ਜਿਨ੍ਹਾਂ ਦੀ ਉਹ ਅਗਵਾਈ ਕਰਦੇ ਹਨ (ਵੇਖੋ ਯੂਹੰਨਾ 10:1-18)।

### ਮੁਸ਼ਕਲ ਚੋਣਾਂ (32:10)

ਕੀ ਮੂਸਾ ਦੇ ਲਈ (ਅਬਰਾਹਾਮ ਦੇ ਵਾਂਗ) ਅਜਿਹੇ ਲੋਕਾਂ ਦੀ ਇੱਕ ਲਾਇਨ ਦਾ ਪੁਰਖਾ ਬਣਨ ਦੇ ਪ੍ਰਸਤਾਵ ਨੂੰ ਠੁਕਰਾਉਣਾ ਔਖਾ ਸੀ ਜੋ ਪਰਮੇਸ਼ੁਰ ਦੇ ਲੋਕ ਹੋਣਗੇ? ਫਿਰ ਵੀ, ਉਸ ਨੇ ਕੀਤਾ। ਕਿਉਂ? ਉਹ ਉਨ੍ਹਾਂ ਲੋਕਾਂ ਦੀ ਪਰਵਾਹ ਕਰਦਾ ਸੀ ਜਿਨ੍ਹਾਂ ਦੀ ਉਸ ਨੇ ਅਗਵਾਈ ਕੀਤੀ ਸੀ, ਅਤੇ ਉਸ ਨੂੰ ਪਰਮੇਸ਼ੁਰ ਦੀਆਂ ਗੱਲਾਂ ਦੀ ਵੀ ਪਰਵਾਹ ਸੀ। ਉਹ ਚਾਹੁੰਦਾ ਸੀ ਕਿ ਪਰਮੇਸ਼ੁਰ ਉਸ ਕੰਮ ਵਿਚ ਸਫਲ ਹੋਵੇ ਜੋ ਉਸ ਨੇ ਹੱਥ ਵਿਚ ਲਿਆ ਸੀ। ਜਦੋਂ ਸਾਡੇ ਸਾਹਮਣੇ ਕਠੋਰ ਚੋਣਾਂ ਕਰਣੀਆਂ ਪੈਂਦੀਆਂ ਸਨ, ਤਾਂ ਪਰਮੇਸ਼ੁਰ ਦੇ ਪ੍ਰਤਿ ਚਿੰਤਾ ਅਤੇ ਦੂਸਰਿਆਂ ਦੇ ਪ੍ਰਤਿ ਚਿੰਤਾ ਸਹੀ ਫ਼ੈਸਲੇ ਕਰਨ ਵਿਚ ਸਾਡੀ ਮਦਦ ਕਰਣਗੇ।

### ਕੀ ਮਨੁੱਖ ਪਰਮੇਸ਼ੁਰ ਦੇ ਮਨ ਨੂੰ ਬਦਲ ਸਕਦੇ ਹਨ? (32:14)

ਮੂਸਾ ਦੀਆਂ ਦਲੀਲਾਂ ਸੁਣਨ ਤੋਂ ਬਾਅਦ, "ਯਹੋਵਾਹ ਉਸ ਬੁਰਿਆਈ ਤੋਂ ਹਟ ਗਿਆ।" ਹਾਲਾਂਕਿ ਸਮਝਣ ਦੇ ਲਈ ਇੱਕ ਮੁਸ਼ਕਲ ਧਾਰਣਾ ਹੈ, ਇਹ ਹਵਾਲਾ ਸਾਡੇ ਲਈ ਆਸ ਨੂੰ ਰੱਖਦਾ ਹੈ ਕਿ ਜਦੋਂ ਅਸੀਂ ਸੱਚੇ ਦਿਲੋਂ ਪ੍ਰਭੂ ਦੇ ਸਾਹਮਣੇ ਬੇਨਤੀ ਕਰਦੇ ਹਾਂ, ਤਾਂ ਉਹ "ਆਪਣਾ ਮਨ ਬਦਲ ਸਕਦਾ" ਹੈ (ਉਸੇ ਤਰੀਕੇ ਨਾਲ ਜਿਵੇਂ ਉਸ ਨੇ ਕੂਚ 32 ਵਿਚ ਕੀਤਾ ਸੀ) ਅਤੇ ਸਾਡੀਆਂ ਪ੍ਰਾਰਥਨਾਵਾਂ ਨੂੰ ਸਵੀਕਾਰ ਕਰੇਗਾ। ਹੋਰ ਤਰੀਕਾ ਜਿਸ ਦੇ ਦੁਆਰਾ ਅਸੀਂ "ਪਰਮੇਸ਼ੁਰ ਦੇ ਮਨ ਨੂੰ ਬਦਲ" ਸਕਦੇ ਹਾਂ ਉਹ ਤੌਬਾ ਕਰਨਾ ਹੈ, ਜਿਵੇਂ ਨੀਨਵਾਹ ਦੇ ਲੋਕਾਂ ਨੇ ਕੀਤਾ ਸੀ (ਯੂਨਾਹ 3:10)।

### ਬੇਹੂਦਾ ਬਹਾਨੇ - ਹਾਰੂਨ ਦਾ ਚਮਤਕਾਰੀ ਬੱਛਾ (32:21-24)

ਜਦੋਂ ਮੂਸਾ ਨੇ ਬੱਛਾ ਬਨਾਉਣ ਦੇ ਲਈ ਹਾਰੂਨ ਨੂੰ ਡਾਂਟਿਆ, ਤਾਂ ਹਾਰੂਨ ਨੇ ਸਭ ਤੋਂ ਬੇਹੂਦਾ ਕਹਾਣੀ ਸੁਣਾਈ ਜੋ ਸ਼ਾਇਦ ਹੀ ਕਿਸੇ ਨੇ ਕਦੀ ਸੁਣੀ ਹੋਵੇ: ਉਸ ਨੇ ਅੱਗ ਵਿਚ ਸੋਨਾ ਪਾਇਆ ਅਤੇ ਉਹ ਬੱਛਾ ਬਣਕੇ ਬਾਹਰ ਆ ਗਿਆ। ਕੀ ਅਸੀਂ ਵੀ ਆਪਣੇ ਪਾਪਾਂ ਦੇ ਲਈ ਬਹਾਨੇ ਪੇਸ਼ ਕਰਦੇ ਹਾਂ? ਕੀ ਹਾਰੂਨ ਦੇ ਵਾਂਗ ਸਾਡੇ ਕੁੱਝ ਬਹਾਨੇ ਬੇਹੂਦਾ ਹੁੰਦੇ ਹਨ? ਹੋ ਸਕਦਾ ਹੈ ਕਿ ਉਹ ਸਾਡੇ ਲਈ ਉਚਿਤ ਹੋਣ ਪਰ ਪਰਮੇਸ਼ੁਰ ਦੇ ਲਈ ਬੇਹੂਦਾ ਹੁੰਦੇ ਹਨ।

### "ਵੱਡਾ ਪਾਪ" (32:21, 30, 31)

ਮੂਸਾ ਨੇ ਤਿੰਨ ਵਾਰ ਇਸਰਾਏਲੀਆਂ ਨੂੰ ਕਿਹਾ ਕਿ ਸੋਨੇ ਦੇ ਬੱਛੇ ਦੀ ਪੂਜਾ ਕਰਨਾ "ਵੱਡਾ ਪਾਪ" ਹੈ। ਵਾਰਨ ਡਬਲਿਯੂ. ਵਾਇਸਬੇ ਨੇ ਲਿਖਿਆ,

> ਇਹ ਵੱਡਾ ਪਾਪ ਸੀ ਕਿਉਂਕਿ ਇਸ ਨੂੰ ਕਿਸ ਨੇ ਕੀਤਾ ਸੀ: ਇਸਰਾਏਲ ਕੌਮ ਨੇ, ਪਰਮੇਸ਼ੁਰ ਦੇ ਚੁਣੇ ਹੋਏ ਲੋਕਾਂ ਨੇ ... । ਇਹ ਵੱਡਾ ਸੀ ਕਿਉਂਕਿ ਇਸ ਨੂੰ ਕਦੋਂ ਅਤੇ ਕਿੱਥੇ ਕੀਤਾ ਗਿਆ ਸੀ: ਸੀਨਈ ਪਹਾੜ ਤੇ ਜਦੋਂ ਉਨ੍ਹਾਂ ਨੇ ਪਰਮੇਸ਼ੁਰ ਦੇ ਕਾਨੂਨ ਦੀ ਘੋਸ਼ਣਾ ਸੁਣੀ ਅਤੇ ਪਰਮੇਸ਼ੁਰ ਦੀ ਮਹਿਮਾ ਨੂੰ ਪਰਗਟ ਹੁੰਦਾ ਵੇਖਿਆ ਸੀ ... । ਇਹ ਵੱਡਾ ਪਾਪ ਸੀ ਕਿਉਂਕਿ ਉਨ੍ਹਾਂ ਨੇ ਪਹਿਲਾਂ ਤੋਂ ਹੀ ਪਰਮੇਸ਼ੁਰ ਦੀ ਸਮੱਰਥ ਅਤੇ ਕਿਰਪਾ ਦਾ ਅਨੁਭਵ ਕਰ ਲਿਆ ਸੀ: ਮਿਸਰ ਦੇ ਨਿਆਉਂ, ਲਾਲ ਸਮੁੰਦਰ ਤੇ ਛੁਟਕਾਰਾ, ਪਾਣੀ ਅਤੇ ਰੋਟੀ ਦਾ ਪ੍ਰਬੰਧ, ਅਤੇ ਅੱਗ ਦੇ ਖੰਬੇ ਅਤੇ ਬੱਦਲ ਦੇ ਹੇਠ ਅਗਵਾਈ।[21]

ਪਰਮੇਸ਼ੁਰ ਦੀ ਕਿਰਪਾ ਨਾਲ ਬਚਾਏ ਗਏ ਲੋਕ ਹੋਣ ਦੇ ਨਾਤੇ, ਅੱਜ ਮਸੀਹੀਆਂ ਨੂੰ "ਵੱਡੇ" ਪਾਪ ਕਰਨ ਤੋਂ ਬਚਣਾ ਚਾਹੀਦਾ ਹੈ।

## "ਜਿਹੜਾ ਯਹੋਵਾਹ ਦੇ ਪਾਸੇ ਵੱਲ ਹੈ?" (32:26; KJV)

ਜਦੋਂ ਮੂਸਾ ਮੂਰਤੀਪੂਜਾ ਦੇ ਪਾਪ ਲਈ ਪਰਮੇਸ਼ੁਰ ਦੀ ਸਜ਼ਾ ਦੇਣ ਦੇ ਲਈ ਤਿਆਰ ਹੋਇਆ, ਤਾਂ ਉਸ ਨੇ ਪੁੱਛਿਆ, "ਜਿਹੜਾ ਯਹੋਵਾਹ ਦੇ ਪਾਸੇ ਵੱਲ ਹੈ? ਉਹ ਮੇਰੇ ਕੋਲ ਆਵੇ" (32:26; KJV)। NASB ਵਿਚ ਹੈ "ਜੋ ਕੋਈ ਪ੍ਰਭੂ ਦੇ ਲਈ ਹੈ, ਉਹ ਮੇਰੇ ਕੋਲ ਆਵੇ!" ਲੇਵੀਆਂ ਨੇ ਪ੍ਰਤਿਉੱਤਰ ਦਿੱਤਾ, ਅਤੇ ਪ੍ਰਭੂ ਦੀ ਇੱਛਾ ਨੂੰ ਪੂਰਾ ਕੀਤਾ, ਅਤੇ ਨਤੀਜੇ ਵਜੋਂ ਉਨ੍ਹਾਂ ਨੇ ਬਰਕਤ ਪਾਈ। ਮਨੁੱਖ ਜਾਤੀ ਅੱਜ ਵੀ ਉਸੇ ਪ੍ਰਸ਼ਨ ਦਾ ਸਾਹਮਣਾ ਕਰ ਰਹੀ ਹੈ: "ਜਿਹੜਾ ਯਹੋਵਾਹ ਦੇ ਪਾਸੇ ਵੱਲ ਹੈ?" ਸਾਡੇ ਵਿਚੋਂ ਹਰੇਕ ਨੂੰ ਇਹ ਫ਼ੈਸਲਾ ਕਰਨ ਦੀ ਲੋੜ ਹੈ ਕਿ ਅਸੀਂ ਪਰਮੇਸ਼ੁਰ ਦੀ ਵੱਲ ਹਾਂ ਜਾਂ ਨਹੀਂ, ਅਸੀਂ ਉਸ ਦੇ ਲਈ ਹੋਵਾਂਗੇ ਜਾਂ ਉਸ ਦੇ ਵਿਰੁੱਧ।

---

ਟਿੱਪਣੀਆਂ

[1]ਨੋਟ ਆਨ ਐਕਸੋਡਸ 32:1 ਤੇ ਨੋਟ, ਬਰੂਸ ਐਮ. ਮੈਟਜ਼ਰ ਅਤੇ ਰੌਲੈਂਡ ਈ. ਮਰਫੀ, ਸੰਪਾ., *ਦ ਨਿਊ ਓਕਸਫੋਰਡ ਐਨੋਟੇਟਿਡ ਬਾਈਬਲ ਵਿਦ ਦ ਐਪੋਕ੍ਰਿਫ਼ਾ* (ਨਿਊ ਯਾਰਕ: ਓਕਸਫੋਰਡ ਯੂਨੀਵਰਸਿਟੀ ਪ੍ਰੈੱਸ, 1991), 112. [2]ਜੌਨ ਜੇ. ਡੇਵਿਸ,*ਮੌਜਸ ਐਂਡ ਦੀ ਗੋਡਸ ਆਫ਼ ਇਜਿਪਟ: ਸਟੱਡੀਜ਼ ਇਨ ਐਕਸੋਡਸ,* ਦੂਸਰਾ ਸੰਸਕਰਣ (ਗ੍ਰੈਂਡ ਰੇਪਿਡਸ, ਮਿਸ਼ੀਗਨ: ਬੇਕਰ ਬੁੱਕ ਹਾਊਸ, 1986), 292-93. [3]ਆਰ. ਕੇ. ਹੈਰੀਸਨ, "ਏਅਰਰਿੰਗ," *ਇੰਟਰਨੈਸ਼ਨਲ ਸਟੈਂਡਰਡ ਬਾਈਬਲ ਐਨਸਾਈਕਲੋਪੀਡੀਆ* ਵਿਚ, ਸੋਧ ਅਤੇ ਸੰਪਾ., ਸੰਪਾਦਨ. ਜੈਫ਼ਰੀ ਡਬਲਿਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਡਰਮੈਂਸ ਪਬਲਿਸ਼ਿੰਗ ਕੰਪਨੀ, 1982), 2:3. [4]ਵੇਖੋ ਸੀ. ਐਫ਼. ਕੀਲ ਅਤੇ ਐਫ਼ ਡਲੈਚ, *ਦੀ ਪੈਂਟਾਟਿਊਕ,* ਜਿਲਦ 2, ਅਨੁਵਾਦ. ਜੇਮਸ ਮਾਰਟਿਨ, ਬਿਬਲੀਕਲ ਕਮੈਂਟਰੀ ਆੱਨ ਦੀ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਡਰਮੈਂਸ ਪਬਲਿਸ਼ਿੰਗ ਕੰਪਨੀ, ਮਿਤੀ ਉਪਲੱਬਧ ਨਹੀਂ ਹੈ), 222. [5]ਵੇਖੋ ਜੇਮਸ ਬਰਟਨ ਕੋਫ਼ਮੈਨ, *ਕਮੈਂਟਰੀ ਆੱਨ ਐਕਸੋਡਸ, ਦੀ ਸੈਕੰਡ ਬੁੱਕ ਆਫ਼ ਮੂਜਸ* (ਅਬੀਲੀਨ, ਟੈਕਸਾਸ: ACU ਪ੍ਰੈੱਸ, 1985), 441. [6]ਆਰ. ਐਲਨ ਕੋਲ, *ਐਕਸੋਡਸ: ਐਨ ਇੰਟਰੋਡਕਸ਼ਨ ਐਂਡ ਕਮੈਂਟਰੀ,* ਟਿੰਡਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡੋਨਰਸ ਗਰੂਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈੱਸ, 1973), 214. [7]ਐਲਫ੍ਰੇਡ ਜੇ. ਹੋਰੇਥ ਵਿਚ ਮਿਸਰੀਆਂ ਦੇ ਦੇਵਤੇ ਅਪਿਸ ਦੀ ਨੁਮਾਇੰਦਗੀ ਕਰਨ ਵਾਲੇ ਇੱਕ ਬੈਲ ਦੀ ਮੂਰਤੀ ਵੇਖੋ,*ਆਰਕੀਓਲੋਜੀ ਐਂਡ ਦੀ ਓਲਡ ਟੈਸਟਾਮੈਂਟ* (ਗ੍ਰੈਂਡ ਰੇਪਿਡਸ, ਮਿਸ਼ੀਗਨ: ਬੇਕਰ ਬੁਕਸ, 1998), 175. [8]ਨਹੂਮ ਐਮ. ਸਰਨਾ, *ਐਕਸਪਲੋਰਿੰਗ ਐਕਸੋਡਸ: ਦ ਓਰਿੰਜਸ ਆਫ਼ ਬਿਬਲੀਕਲ ਇਜ਼ਰਾਈਲ* (ਨਿਊ ਯਾਰਕ: ਸ਼ੋਕਨ ਬੁਕਸ, 1996), 218. [9]ਉਸੇ ਸਥਾਨ ਤੇ, 217. [10]ਡਬਲਿਯੂ. ਐੱਚ. ਗਿਸਪਨ, *ਐਕਸੋਡਸ,* ਅਨੁਵਾਦ ਐਡ ਵੈਨ ਡਰ ਮਾਸ, ਬਾਈਬਲ ਸਟੂਡੇਂਟਸ ਕਮੈਂਟਰੀ (ਗ੍ਰੈਂਡ ਰੇਪਿਡਸ, ਮਿਸ਼ੀਗਨ: ਰੀਜੈਂਸੀ ਰੈਫਰੈਂਸ ਲਾਇਬ੍ਰੇਰੀ, ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1982), 293. ਹੋਰੇਥ ਵਿਚ ਇੱਕ ਬੈਲ ਦੀ ਪਿੱਠ ਤੇ ਖੜੇ ਤੂਫ਼ਾਨ ਦੇਵਤੇ ਹਦਦ ਨੂੰ ਦਰਸਾਉਂਦਾ ਹੋਇਆ ਵੇਖੋ, 221.

[11]ਜੌਨ ਐੱਚ. ਵਾਲਟਨ ਐਂਡ ਵਿਕਟਰ ਐੱਚ. ਮੈਥਿਊਜ਼, *ਜੇਨੇਸਿਸ-ਡਿਓਟਰੋਨੋਮੀ,* ਦ ਬਾਈਬਲ ਬੈਕਗਰਾਊਂਡਸ ਕਮੈਂਟਰੀ (ਡੋਨਰਸ ਗਰੂਵ, ਇਲੀਨੋਇਸ: ਪ੍ਰੈੱਸ, 1997), 135. [12]ਰੋਨਾਲਡ ਐੱਫ਼ ਯੰਗਬਲੱਡ, *ਐਕਸੋਡਸ,* ਏਵਰੀਮੈਨਸ ਬਾਈਬਲ ਕਮੈਂਟਰੀ (ਸ਼ਿਕਾਗੋ: ਮੂਡੀ ਬਾਈਬਲ ਇੰਸਟੀਚਿਊਟ, 1983), 135. [13]ਜੇਮਸ ਕੇ. ਹੌਫ਼ਮਿਅਰ, "ਸਟਿਫ-ਨੇਕਡ; ਸਟਿਫਨ ਦੀ ਨੈਕ," *ਇੰਟਰਨੈਸ਼ਨਲ ਸਟੈਂਡਰਡ ਬਾਈਬਲ ਐਨਸਾਈਕਲੋਪੀਡੀਆ* ਵਿਚ, ਸੋਧ ਅਤੇ ਸੰਪਾ., ਸੰਪਾਦਨ. ਜੈਫ਼ਰੀ ਡਬਲਿਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਡਰਮੈਂਸ ਪਬਲਿਸ਼ਿੰਗ ਕੰਪਨੀ, 1988), 4:619. [14]ਕੋਫ਼ਮੈਨ, 443-44. [15]ਵਾਲਟਰ ਸੀ. ਕੇਸਰ, ਜੂਨੀਅਰ, "ਐਕਸੋਡਸ," *ਦ ਐਕਸਪੋਜ਼ੀਟਰਸ ਬਾਈਬਲ ਕਮੈਂਟਰੀ* ਵਿਚ, ਜਿਲਦ 2, *ਜੇਨੇਸਿਸ-ਨੰਬਰਸ* (ਗ੍ਰੈਂਡ ਰੇਪਿਡਸ, ਮਿਸ਼ੀਗਨ: ਜੋਂਡੇਰਵਨ, 1990), 479. [16]ਜੌਨ ਆਈ. ਡਰਹਮ, *ਐਕਸੋਡਸ,* ਵਰਡ ਬਿਬਲੀਕਲ ਕਮੈਂਟਰੀ, ਜਿਲਦ 3 (ਵਾਕੋ, ਟੈਕਸਾਸ: ਵਰਡ ਬੁਕਸ, 1987), 430. [17]ਸਰਨਾ, 219; ਕੋਲ, 212. [18]ਸਰਨਾ, 219-20. [19]ਐਡਵਰਡ ਪੀ. ਮਾਈਅਰਸ, *ਬਿਬਲੀਕਲ ਇੰਟਰਪ੍ਰੀਟੇਸ਼ਨ - ਪ੍ਰਿੰਸੀਪਲਸ ਐਂਡ ਪ੍ਰੈਕਟਿਸ* ਵਿਚ "ਇੰਟਰਪਰੀਟਿੰਗ ਫਿਗਰੇਟਿਵ ਲੈਂਗੁਏਜ," ਸੰਪਾ. ਐੱਫ਼. ਫਰਮੈਨ ਕਰਲੀ, ਐਡਵਰਡ

ਪੀ. ਮੈਅਰਸ, ਐਂਡ ਤਿਮੋਥੀ ਡੀ. ਹਾਡਲੇ (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁੱਕ ਹਾਊਸ, 1986), 97. [20]ਅੰਬਰਟੋ ਕੈਸਟੋ, *ਏ ਕਮੈਂਟਰੀ ਔਨ ਦੀ ਬੁੱਕ ਆਫ਼ ਐਕਸੋਡਸ,* ਅਨੁਵਾਦ ਇਸਰਾਏਲ ਅਬਰਾਹਾਮਸ (ਯਰੂਸ਼ਲਮ: ਮੈਗਨੀਸ ਪ੍ਰੈੱਸ, 1997), 424.

[21]ਵਾਰਨ ਡਬਲਿਯੂ. ਵਾਇਸਬੇ, *ਬੀ ਡਿਲੀਵਰਡ* (ਕੋਲੋਰਾਡੋ ਸਪਰਿੰਗ, ਕੋਲੋਰਾਡੋ: ਵਿਕਟਰ, 1998), 165.